
# History

## A Module for Lecturers








## ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ - ਇਤਿਹਾਸ

## ਨੋਡਲ ਅਫਸਰ (ਹਿਊਮੈਨਟੀਜ਼)

**ਬਿੰਦੂ ਗੁਲਾਟੀ**
**ਸਹਾਇਕ ਡਾਇਰੈਕਟਰ, ਐਸ.ਸੀ.ਈ.ਆਰ.ਟੀ.**
**ਪੰਜਾਬ**

## ਕਨਟੈਂਟ ਡਿਵੈਲਪਮੈਂਟ ਕਮੇਟੀ

1. ਵਿਸ਼ਾਲ ਬੱਤਾ, ਲੈਕਚਰਾਰ ਇਤਿਹਾਸ, ਪ.ਸ.ਸ.ਬ., ਆਦਰਸ਼ ਸ.ਸ.ਸ. ਭਾਗੂ, ਸ਼੍ਰੀ ਮੁਕਤਸਰ ਸਾਹਿਬ
2. ਡਾ. ਬੂਟਾ ਸਿੰਘ ਸੇਖੋਂ, ਲੈਕਚਰਾਰ ਇਤਿਹਾਸ, ਡਾਇਟ, ਅਹਿਮਦਪੁਰ (ਮਾਨਸਾ)
3. ਕਰਨੈਲ ਸਿੰਘ ਨਿਰਮਾਣ, ਲੈਕਚਰਾਰ ਇਤਿਹਾਸ, ਸ.ਸ.ਸ.ਸ. ਨਦਾਮਪੁਰ (ਸੰਗਰੂਰ)
4. ਅਮਨੀਸ਼ ਕੁਮਾਰ, ਲੈਕਚਰਾਰ ਇਤਿਹਾਸ, ਸ.ਸ.ਸ.ਸ. ਛਾਜਲੀ (ਸੰਗਰੂਰ)
5. ਭੁਪਿੰਦਰ ਪਾਲ ਸਿੰਘ, ਲੈਕਚਰਾਰ ਇਤਿਹਾਸ, ਸ.ਸ.ਸ.ਸ. 3ਬੀ1 (ਸ.ਅ.ਸ. ਨਗਰ)
6. ਨਰੇਸ਼ ਕੁਮਾਰ, ਲੈਕਚਰਾਰ ਇਤਿਹਾਸ, ਸ.ਸ.ਸ.ਸ. ਧਰਮਗੜ੍ਹ (ਸੰਗਰੂਰ)
7. ਬਿਨਾਕਸ਼ੀ ਸੋਢੀ, ਲੈਕਚਰਾਰ ਇਤਿਹਾਸ, ਸ.ਸ.ਸ.ਸ ਦਿਆਲਪੁਰ ਸੋਢੀਆਂ (ਸ.ਅ.ਸ. ਨਗਰ)
8. ਰਣਜੀਤ ਸਿੰਘ, ਲੈਕਚਰਾਰ ਇਤਿਹਾਸ, ਸ.ਸ.ਸ.ਸ. ਉਪਲੀ (ਸੰਗਰੂਰ)
9. ਰਾਜੀਵ ਗੱਖੜ, ਲੈਕਚਰਾਰ ਇਤਿਹਾਸ, ਸ.ਸ.ਸ.ਸ ਮੋਰਾਂਵਾਲੀ (ਫਰੀਦਕੋਟ)
10. ਰਜਨੀ, ਲੈਕਚਰਾਰ ਇਤਿਹਾਸ, ਸ.ਸ.ਸ.ਸ ਤੀੜਾ (ਸ.ਅ.ਸ. ਨਗਰ)
11. ਜੀਵਨ ਕੁਮਾਰ, ਲੈਕਚਰਾਰ ਇਤਿਹਾਸ ਸ.ਸ.ਸ.ਸ. ਲਾਡਵੰਜਾਰਾ ਕਲਾਂ (ਸੰਗਰੂਰ)
12. ਕਾਮਿਨੀ ਸ਼ਰਮਾ, ਲੈਕਚਰਾਰ ਇਤਿਹਾਸ, ਸ.ਸ.ਸ.ਸ. ਲੋਹਗੜ੍ਹ (ਸ.ਅ.ਸ. ਨਗਰ)
13. ਰੇਖਾ ਭੰਡਾਰੀ, ਲੈਕਚਰਾਰ ਇਤਿਹਾਸ, ਸ.ਕੰ.ਸ.ਸ.ਸ ਸੋਹਾਣਾ (ਸ.ਅ.ਸ. ਨਗਰ)
14. ਵਿਜੈ ਗੁਪਤਾ, ਸ.ਸ. ਮਾਸਟਰ, ਸ.ਹ.ਸ. ਚੁਵਾੜਿਆਂ ਵਾਲੀ (ਫਾਜ਼ਿਲਕਾ)

# ਭੂਮਿਕਾ

ਇਤਿਹਾਸ, ਅਤੀਤ ਦੀਆਂ ਘਟਨਾਵਾਂ ਦਾ ਵੇਰਵਾ ਹੀ ਨਹੀਂ ਹੁੰਦਾ ਸਗੋਂ ਉਹਨਾਂ ਦੀ ਵਿਆਖਿਆ ਤੇ ਵਿਸ਼ਲੇਸ਼ਣ ਵੀ ਕਰਦਾ ਹੈ। ਇਤਿਹਾਸ ਮਨੁੱਖਾਂ ਦੇ ਭੂਤਕਾਲ ਦੇ ਅਧਿਐਨ ਨੂੰ ਕਿਹਾ ਜਾਂਦਾ ਹੈ। ਹਰੇਕ ਇਨਸਾਨ ਆਪਣੇ ਇਤਿਹਾਸ ਨੂੰ ਪੜ੍ਹਨਾ ਲੋਚਦਾ ਹੈ। ਇਸ ਲਈ ਆਪਣੇ ਵਿਸ਼ੇ ਨੂੰ ਰੌਚਕ ਅਤੇ ਕਿਰਿਆਸ਼ੀਲ ਬਣਾਉਣ ਲਈ ਲਗਭਗ ਹਰ ਅਧਿਆਪਕ ਕੋਸ਼ਿਸ਼ ਕਰਦਾ ਰਹਿੰਦਾ ਹੈ। ਅੱਜ ਦਾ ਯੁੱਗ ਤਕਨੀਕ ਦਾ ਯੁੱਗ ਹੈ ਅਤੇ ਇਸ ਅਜੋਕੇ ਯੁੱਗ ਅੰਦਰ ਸਿੱਖਿਆ ਦੇ ਖੇਤਰ ਵਿੱਚ ਵੀ ਅਧਿਆਪਕ ਤੇ ਵਿਦਿਆਰਥੀ ਲਈ ਲਾਹੇਵੰਦ ਨਵੀਆਂ-ਨਵੀਆਂ ਤਕਨੀਕਾਂ ਰਾਹੀਂ  ਸਿੱਖਣ-ਸਿਖਾਉਣ ਦੀ ਪ੍ਰਕ੍ਰਿਆ ਨੂੰ ਆਸਾਨ ਕਰਨ ਦੀ ਵਧੇਰੇ ਜ਼ਰੂਰਤ ਹੈ।

ਇਸੇ ਲੜੀ ਤਹਿਤ ਇਤਿਹਾਸ ਵਿਸ਼ੇ ਨੂੰ ਰੌਚਕ ਅਤੇ ਦਿਲਚਸਪ ਬਣਾਉਣ ਲਈ ਰਾਜ ਸਿੱਖਿਆ, ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਵੱਲੋਂ ਇਤਿਹਾਸ ਵਿਸ਼ੇ ਦੇ ਅਧਿਆਪਕ ਵਰਗ ਲਈ ਸੀਨੀਅਰ ਸੈਕੰਡਰੀ ਜਮਾਤਾਂ ਲਈ ਟੀਚਿੰਗ ਮਾਡਿਊਲ ਤਿਆਰ ਕਰਕੇ ਇੱਕ ਨਿਵੇਕਲੀ ਪਹਿਲ ਨੂੰ ਅਮਲੀ ਰੂਪ ਦਿੱਤਾ ਗਿਆ ਹੈ। ਇਹ ਟੀਚਿੰਗ ਮਾਡਿਊਲਜ਼ ਤਜ਼ਰਬੇਕਾਰ ਤੇ ਵਿਸ਼ਾ ਮਾਹਿਰ ਅਧਿਆਪਕਾਂ ਦੀ ਮਿਹਨਤ ਤੇ ਦੇਖ-ਰੇਖ ਵਿੱਚ ਇਸ ਤਰ੍ਹਾਂ ਤਿਆਰ ਕੀਤੇ ਗਏ ਹਨ ਕਿ ਵਿਦਿਆਰਥੀ ਇਤਿਹਾਸ ਵਿਸ਼ੇ ਨੂੰ ਆਸਾਨੀ ਨਾਲ ਸਮਝ ਸਕਣ ਅਤੇ ਅਧਿਆਪਕ ਵਰਗ ਆਪਣੇ ਵਿਸ਼ੇ ਨੂੰ ਹੋਰ ਵੀ ਰੌਚਕ ਢੰਗ ਨਾਲ ਤਿਆਰ ਕਰਕੇ ਵਿਦਿਆਰਥੀਆਂ ਨਾਲ ਦਿਲੋਂ ਜੁੜ ਸਕਣ। ਇਨ੍ਹਾਂ ਟੀਚਿੰਗ ਮਾਡਿਊਲਜ਼ ਵਿੱਚ ਵੱਖ-ਵੱਖ ਅਧਿਆਪਨ ਵਿਧੀਆਂ ਦਾ ਪ੍ਰਯੋਗ ਕੀਤਾ ਗਿਆ ਹੈ ਤਾਂ ਜੋ ਵਿਦਿਆਰਥੀਆਂ ਵਿੱਚ ਇੱਕ ਨਵੀਂ ਤੇ ਉਸਾਰੂ ਸੋਚ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਅਤੇ ਵਿਦਿਆਰਥੀਆਂ ਵਿੱਚ ਲੰਬੇ ਸਮੇਂ ਤੋਂ ਚੱਲੀ ਆ ਰਾਹੀ ਰੱਟਾ ਪ੍ਰਵਿਤੀ ਵੀ ਇੱਕ ਇਤਿਹਾਸ ਬਣ ਜਾਵੇ।

ਉਪਰੋਕਤ ਉਦੇਸ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਮਾਡਿਊਲ ਤਿਆਰ ਕੀਤਾ ਗਿਆ ਹੈ । ਅਧਿਆਪਕ ਇਸ ਮਾਡਿਊਲ ਵਿੱਚ ਦਰਜ ਵਿਧੀਆਂ ਦੀ ਵਰਤੋਂ ਵੱਖ-ਵੱਖ ਉਪ-ਵਿਸ਼ਿਆਂ ਲਈ ਕਰ ਸਕਦਾ ਹੈ। ਉਹ ਆਪਣੀ ਸਮਝ ਤੇ ਜਮਾਤ ਦੇ ਹਾਲਾਤਾਂ ਅਨੁਸਾਰ ਵਿਦਿਆਰਥੀ ਦੇ ਆਮ ਜੀਵਨ ਵਿੱਚੋਂ ਉਦਾਹਰਨਾਂ ਲੈ ਕੇ ਇਸ ਵਿਸ਼ੇ ਨੂੰ ਹੋਰ ਵੀ ਸੌਖਾ ਬਣਾ ਸਕਦਾ ਹੈ।

ਮੈਂ ਆਸ ਕਰਦੀ ਹਾਂ ਕਿ ਇਹ  ਮਾਡਿਊਲ ਸੀਨੀਅਰ ਸੈਕੰਡਰੀ ਜਮਾਤਾਂ ਦੇ ਵਿਦਿਆਰਥੀਆਂ ਨੂੰ ਗੁਣਾਤਮਕ ਸਿੱਖਿਆ ਦੇਣ ਲਈ ਅਧਿਆਪਕਾਂ ਨੂੰ ਉਤਸ਼ਾਹਿਤ ਕਰੇਗਾ ਅਤੇ ਸਾਡੇ ਵੱਲੋਂ ਕੀਤੀ ਗਈ ਇਹ ਨਿਵੇਕਲੀ ਪਹਿਲ ਅਧਿਆਪਕ ਵਰਗ ਲਈ ਇੱਕ ਸੁਨਹਿਰੇ ਭਵਿੱਖ ਨੂੰ ਤਿਆਰ ਕਰੇਗੀ ਜਿਸ ਦੀ ਰੌਸ਼ਨੀ ਵਿੱਚ ਹਰ ਵਿਦਿਆਰਥੀ ਚਮਕ ਉੱਠੇਗਾ।

ਪਾਠਕਾਂ ਦੇ ਵਡਮੁੱਲੇ ਸੁਝਾਵਾਂ ਦਾ ਸੁਆਗਤ !!!

ਬਿੰਦੂ ਗੁਲਾਟੀ
ਸਹਾਇਕ ਡਾਇਰੈਕਟਰ
ਐੱਸ.ਸੀ.ਈ.ਆਰ.ਟੀ., ਪੰਜਾਬ

# ਤਤਕਰਾ


| ਲੜੀ ਨੰ: | ਵਿਸ਼ਾ ਵਸਤੂ | ਪੰਨਾ |
|---|---|---|
| | ਪੰਜਾਬ ਦਾ ਇਤਿਹਾਸ | |
| 1 | ਸਿੱਖ ਗੁਰੂ ਸਾਹਿਬਾਨ - ਜੀਵਨ ਤੇ ਯੋਗਦਾਨ | 3–5 |
| 2 | ਬੰਦਾ ਸਿੰਘ ਬਹਾਦਰ - ਜੀਵਨ ਤੇ ਸੈਨਿਕ ਅਭਿਆਨ | 6–7 |
| 3 | ਅਬਦੁਸ ਸਮਦ ਖਾਂ, ਜ਼ਕਰੀਆ ਖਾਂ ਤੇ ਮੀਰ ਮੰਨੂੰ | 7–8 |
| 4 | ਸਿੱਖ ਮਿਸਲਾਂ ਦੀ ਉੱਤਪਤੀ ਤੇ ਵਿਕਾਸ | 9–11 |
| 5 | ਮਹਾਰਾਜਾ ਰਣਜੀਤ ਸਿੰਘ - ਜੀਵਨ, ਜਿੱਤਾਂ ਤੇ ਸ਼ਾਸਨ ਪ੍ਰਬੰਧ | 12–15 |
| 6 | ਪਹਿਲਾ ਅਤੇ ਦੂਜਾ ਐਂਗਲੋ-ਸਿੱਖ ਯੁੱਧ | 15–18 |
| | ਭਾਰਤ ਦਾ ਇਤਿਹਾਸ | |
| 7 | ਸਿੰਧ ਘਾਟੀ ਦੀ ਸੱਭਿਅਤਾ | 18–20 |
| 8 | ਭਾਰਤੀ ਆਰੀਆ | 21–22 |
| 9 | ਗੁਪਤ ਕਾਲ | 23–24 |
| 10 | ਦਿੱਲੀ ਸਲਤਨਤ | 25–26 |
| 11 | ਮੁਗਲ ਸਾਮਰਾਜ | 27–28 |
| 12 | ਅੰਗਰੇਜ਼ੀ ਸਾਮਰਾਜ ਦਾ ਵਿਸਥਾਰ | 29 |
| 13 | ਰਾਸ਼ਟਰੀ ਚੇਤਨਾ ਦਾ ਵਿਕਾਸ ਤੇ ਸੁਤੰਤਰਤਾ ਵੱਲ | 30-31 |




# ਸਿੱਖ ਗੁਰੂ ਸਾਹਿਬਾਨ - ਜੀਵਨ ਅਤੇ ਯੋਗਦਾਨ

## (1469 - 1708 ਈ.)

**ਅਧਿਆਪਕ ਵਿਸ਼ਾ ਸ਼ੁਰੂ ਕਰਨ ਤੋਂ ਪਹਿਲਾਂ ਕੁਝ ਪ੍ਰਸ਼ਨ ਵਿਦਿਆਰਥੀਆਂ ਤੋਂ ਪੁੱਛ ਸਕਦਾ ਹੈ ਜਿਵੇ:**

1. ਸਿੱਖ ਧਰਮ ਦੀ ਸਥਾਪਨਾ ਕਿਸ ਨੇ ਕੀਤੀ ?
2. ਆਦਿ ਗ੍ਰੰਥ ਸਾਹਿਬ ਜੀ ਦਾ ਸੰਕਲਨ ਕਿਸ ਗੁਰੂ ਸਾਹਿਬ ਨੇ ਕੀਤਾ ?
3. ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਕਿਸ ਗੁਰੂ ਸਾਹਿਬ ਨੇ ਧਾਰਨ ਕੀਤੀਆਂ ?
4. ਸਿੱਖਾਂ ਦੇ ਕਿਹੜੇ ਗੁਰੂ ਸਾਹਿਬ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ?

ਸੰਭਵ ਉੱਤਰ ਮਿਲਣ ਤੋਂ ਬਾਅਦ ਅਧਿਆਪਕ ਵਿਦਿਆਰਥੀਆਂ ਨੂੰ ਦੱਸੇਗਾ ਕਿ ਅਸੀਂ ਦਸ ਸਿੱਖ ਗੁਰੂਆਂ ਦੇ ਜੀਵਨ ਕਾਲ ਅਤੇ ਉਹਨਾਂ ਦੁਆਰਾ ਕੀਤੇ ਕੰਮਾਂ ਬਾਰੇ ਸੰਖੇਪ ਰੂਪ ਵਿੱਚ ਪੜ੍ਹਾਂਗੇ। ਹੇਠਾਂ ਦਿੱਤੀ ਸਾਰਨੀ ਦੀ ਵਰਤੋਂ ਕਰਕੇ ਅਧਿਆਪਕ ਵਿਦਿਆਰਥੀਆਂ ਨੂੰ ਢੁੱਕਵੇਂ ਢੰਗ ਨਾਲ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਜਿਵੇਂ ਕਿ ਜਨਮ, ਮਾਤਾ-ਪਿਤਾ, ਗੁਰਗੱਦੀ ਜੋਤੀ-ਜੋਤ ਸਮਾਉਣ ਅਤੇ ਉਨ੍ਹਾਂ ਦੁਆਰਾ ਸਿੱਖ ਧਰਮ ਦੇ ਵਿਕਾਸ ਵਿੱਚ ਦਿੱਤੇ ਯੋਗਦਾਨ ਬਾਰੇ ਵਧੀਆ ਢੰਗ ਨਾਲ ਜਾਣਕਾਰੀ ਦੇ ਸਕਦਾ ਹੈ।

| ਲੜੀ ਨੰ: | ਗੁਰੂ ਸਾਹਿਬ ਦੇ ਨਾਂ | ਜਨਮ ਸਾਲ/ ਸਥਾਨ | ਮਾਤਾ/ ਪਿਤਾ ਦਾ ਨਾਂ | ਗੁਰਗੱਦੀ ਸਾਲ | ਜੋਤੀ ਜੋਤ ਸਮਾਉਣ ਦਾ ਸਾਲ | ਯੋਗਦਾਨ | ਸਮਕਾਲੀ ਮੁਗ਼ਲ ਸ਼ਾਸਕ |
|---|---|---|---|---|---|---|---|
| 1. | ਗੁਰੂ ਨਾਨਕ ਦੇਵ ਜੀ | 15 ਅਪ੍ਰੈਲ 1469 ਈ., ਪਿੰਡ ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ ਪਾਕਿਸਤਾਨ) | ਤ੍ਰਿਪਤਾ ਦੇਵੀ ਜੀ, ਮਹਿਤਾ ਕਾਲੂ ਜੀ | 1469 ਈ. | 22 ਸਤੰਬਰ 1539 ਈ. | 1. ਗੁਰੂ ਨਾਨਕ ਦੇਵ ਜੀ ਨੇ ਤਤਕਾਲੀਨ ਰਾਜਨੀਤਿਕ ਤੇ ਸਮਾਜਿਕ ਵਿਵਸਥਾ ਨੂੰ ਸੁਧਾਰਨ ਵਿੱਚ ਯੋਗਦਾਨ ਪਾਇਆ।<br>2. ਸੰਗਤ ਪ੍ਰਥਾ ਤੇ ਲੰਗਰ ਪ੍ਰਥਾ ਚਲਾਈ।<br>3. 976 ਸ਼ਬਦਾਂ ਦੀ ਰਚਨਾ ਕੀਤੀ।<br>4. 29 ਰਾਗਾਂ ਵਿੱਚ ਬਾਣੀ ਦੀ ਰਚਨਾ ਕੀਤੀ।<br>5. ਲੋਕਾਂ ਨੂੰ ਸੇਧ ਦੇਣ ਲਈ ਉਦਾਸੀਆਂ (ਯਾਤਰਾਵਾਂ) ਕੀਤੀਆਂ। | ਬਾਬਰ, ਹਮਾਯੂੰ |
| 2. | ਗੁਰੂ ਅੰਗਦ ਦੇਵ ਜੀ | 18 ਅਪ੍ਰੈਲ 1504 ਈ., ਮੱਤੇ ਦੀ ਸਰਾਏ (ਸ੍ਰੀ ਮੁਕਤਸਰ ਸਾਹਿਬ) | ਸਭਰਾਈ ਦੇਵੀ, ਫੇਰੂਮੱਲ ਜੀ | 1539 ਈ. | 1552 ਈ. | 1. ਗੁਰਮੁਖੀ ਲਿਪੀ ਵਿੱਚ ਸੁਧਾਰ<br>2. ਗੁਰੂ ਨਾਨਕ ਦੇਵ ਜੀ ਦੀ ਬਾਣੀ ਇਕੱਠੀ ਕੀਤੀ।<br>3. ਲੰਗਰ ਪ੍ਰਥਾ ਦਾ ਵਿਸਥਾਰ<br>4. ਜਨਮ ਸਾਖੀ ਦਾ ਸੰਕਲਨ<br>5. ਗੋਇੰਦਵਾਲ ਦੀ ਸਥਾਪਨਾ<br>6. ਬਾਲ ਬੋਧ ਦੀ ਰਚਨਾ<br>7. ਸਿੱਖ ਮਤ ਵਿੱਚ ਅਨੁਸ਼ਾਸ਼ਨ<br>8. 62 ਸ਼ਬਦਾਂ ਦੀ ਰਚਨਾ ਕੀਤੀ | ਹਮਾਯੂੰ |

| | | | | | | | |
|---|---|---|---|---|---|---|---|
| 3. | ਗੁਰੂ ਅਮਰਦਾਸ ਜੀ | 23 ਮਈ 1479 ਈ., ਬਾਸਰਕੇ (ਸ੍ਰੀ ਅੰਮ੍ਰਿਤਸਰ ਸਾਹਿਬ) | ਮਾਤਾ ਲੱਛਮੀ ਜੀ, ਤੇਜਭਾਨ ਜੀ | 1552 ਈ. | 1574 ਈ. | 1. ਗੋਇੰਦਵਾਲ ਸਾਹਿਬ ਵਿੱਚ ਬਾਉਲੀ ਦਾ ਨਿਰਮਾਣ।<br>2. ਮੰਜੀ ਪ੍ਰਥਾ ਦੀ ਸਥਾਪਨਾ ਕੀਤੀ ।<br>3. ਸਮਾਜ ਸੁਧਾਰਕ ਕੰਮ (ਜਾਤ-ਪਾਤ ਦਾ ਵਿਰੋਧ, ਸਤੀ-ਪ੍ਰਥਾ ਦੀ ਨਿਖੇਧੀ, ਵਿਧਵਾ ਵਿਆਹ ਦਾ ਸਮਰਥਨ)<br>4. 907 ਸ਼ਬਦਾਂ ਦੀ ਰਚਨਾ ਕੀਤੀ | ਅਕਬਰ |
| 4. | ਗੁਰੂ ਰਾਮਦਾਸ ਜੀ | 24 ਸਤੰਬਰ 1534 ਈ., ਚੂਨਾ ਮੰਡੀ (ਲਾਹੌਰ, ਪਾਕਿਸਤਾਨ) | ਦਇਆ ਕੌਰ ਜੀ, ਹਰਿਦਾਸ ਜੀ | 1574 ਈ. | 1581 ਈ. | 1. ਰਾਮਦਾਸਪੁਰਾ (ਸ੍ਰੀ ਅੰਮ੍ਰਿਤਸਰ ਸਾਹਿਬ) ਦੀ ਨੀਂਹ<br>2. ਮਸੰਦ ਪ੍ਰਥਾ ਦਾ ਆਰੰਭ<br>3. ਸਿੱਖਾਂ ਤੇ ਉਦਾਸੀਆਂ ਵਿੱਚ ਸਮਝੌਤਾ।<br>4. 'ਲਾਵਾਂ' ਦੀ ਰਸਮ ਦੇ ਕੇ ਸਿੱਖ ਧਰਮ ਨੂੰ ਬਾਕੀਆਂ ਧਰਮਾਂ ਨਾਲੋਂ ਅਲੱਗ ਕੀਤਾ ।<br>5. 679 ਸ਼ਬਦਾਂ ਦੀ ਰਚਨਾ ਕੀਤੀ | ਅਕਬਰ |
| 5. | ਗੁਰੂ ਅਰਜਨ ਦੇਵ ਜੀ | 15 ਅਪ੍ਰੈਲ 1563 ਈ., ਗੋਇੰਦਵਾਲ ਸਾਹਿਬ (ਤਰਨਤਾਰਨ ) | ਬੀਬੀ ਭਾਨੀ ਜੀ, ਗੁਰੂ ਰਾਮਦਾਸ ਜੀ | 1581 ਈ. | 1606ਈ. | 1. ਹਰਿਮੰਦਰ ਸਾਹਿਬ ਦੀ ਉਸਾਰੀ<br>2. ਆਦਿ ਗ੍ਰੰਥ ਸਾਹਿਬ ਦਾ ਸੰਕਲਨ<br>3. ਤਰਨਤਾਰਨ, ਹਰਗੋਬਿੰਦਪੁਰ ਤੇ ਕਰਤਾਰਪੁਰ ਸਾਹਿਬ ਦੀ ਨੀਂਹ ਰੱਖੀ।<br>4. ਲਾਹੌਰ ਵਿਖੇ ਬਾਉਲੀ ਦਾ ਨਿਰਮਾਣ ਕਰਵਾਇਆ<br>5.ਧਰਮ ਲਈ ਸ਼ਹੀਦੀ ਦੇਣ ਕਰਕੇ ਉਨ੍ਹਾਂ ਨੂੰ 'ਸ਼ਹੀਦਾਂ ਦੇ ਸਰਤਾਜ' ਦੇ ਨਾਂ ਨਾਲ ਜਾਣਿਆ ਜਾਂਦਾ ਹੈ ।<br>6. 2216 ਸ਼ਬਦਾਂ ਦੀ ਰਚਨਾ ਕੀਤੀ । | ਅਕਬਰ, ਜਹਾਂਗੀਰ |
| 6. | ਗੁਰੂ ਹਰਗੋਬਿੰਦ ਸਾਹਿਬ ਜੀ | 19 ਜੂਨ 1595 ਈ., ਵਡਾਲੀ (ਸ੍ਰੀ ਅੰਮ੍ਰਿਤਸਰ ਸਾਹਿਬ) | ਗੰਗਾ ਦੇਵੀ ਜੀ, ਗੁਰੂ ਅਰਜਨ ਦੇਵ ਜੀ | 1606 ਈ. | 1645 ਈ. | 1. ਮੀਰੀ ਤੇ ਪੀਰੀ ਦੋ ਤਲਵਾਰਾਂ ਧਾਰਨ ਕੀਤੀਆਂ। ਜਿਸ ਨਾਲ ਸਿੱਖਾਂ ਨੂੰ ਅਧਿਆਤਮਕ ਰਹਿਨੁਮਾਈ ਦੇ ਨਾਲ-ਨਾਲ ਰਾਜਨੀਤਿਕ ਰਹਿਨੁਮਾਈ ਵੀ ਮਿਲੀ ।<br>2. ਅਕਾਲ ਤਖ਼ਤ ਦੀ ਉਸਾਰੀ<br>3. ਅੰਮ੍ਰਿਤਸਰ ਦੀ ਕਿਲ੍ਹੇਬੰਦੀ<br>4. ਕੀਰਤਪੁਰ ਨਗਰ ਦੀ ਸਥਾਪਨਾ ਕੀਤੀ<br>5. ਸਿੱਖ ਧਰਮ ਦੀ ਰੱਖਿਆ ਲਈ ਮੁਗਲਾਂ ਨਾਲ 4 ਲੜਾਈਆਂ (ਅੰਮ੍ਰਿਤਸਰ, ਲਹਿਰਾ, ਕਰਤਾਰਪੁਰ ,ਫਗਵਾੜਾ) ਲੜੀਆਂ । | ਜਹਾਂਗੀਰ, ਸ਼ਾਹਜਹਾਂ |
| 7. | ਗੁਰੂ ਹਰਿ ਰਾਏ ਜੀ | 30 ਜਨਵਰੀ 1630 ਈ., ਕੀਰਤਪੁਰ (ਰੋਪੜ) | ਨਿਹਾਲ ਕੌਰ ਜੀ, ਬਾਬਾ ਗੁਰਦਿੱਤਾ ਜੀ | 1645 ਈ. | 1661 ਈ. | 1. ਸਿੱਖ ਧਰਮ ਦਾ ਪ੍ਰਚਾਰ ਪੂਰੀ ਸ਼ਰਧਾ ਨਾਲ ਕੀਤਾ।<br>2. ਸਿੱਖ ਧਰਮ ਦੇ ਪ੍ਰਚਾਰ ਲਈ ਤਿੰਨ ਬਖਸ਼ਿਸ਼ਾਂ (ਕੇਂਦਰ) ਸਥਾਪਿਤ ਕੀਤੀਆਂ। | ਸ਼ਾਹਜਹਾਂ, ਔਰੰਗਜ਼ੇਬ |

| | | | | | | | |
|---|---|---|---|---|---|---|---|
| 8. | ਗੁਰੂ ਹਰਿ ਕ੍ਰਿਸ਼ਨ ਜੀ | 7 ਜੁਲਾਈ 1656 ਈ., ਕੀਰਤਪੁਰ (ਰੋਪੜ) | ਸੁਲੱਖਣੀ ਜੀ, ਗੁਰੂ ਹਰਿ ਰਾਏ ਜੀ | 1661 ਈ. | 1664 ਈ. | 1.ਗੁਰੂ ਹਰਿਕ੍ਰਿਸ਼ਨ ਜੀ ਨੇ ਬਹੁਤ ਥੋੜੇ ਗੁਰੂਕਾਲ ਵਿੱਚ ਧਰਮ ਪ੍ਰਚਾਰ ਅਤੇ ਸਮਾਜ ਸੇਵਾ ਨੂੰ ਜਾਰੀ ਰੱਖਿਆ । 2. ਛੋਟੀ ਉਮਰ ਵਿੱਚ ਗੁਰੂ ਬਣਨ ਕਾਰਨ ਇਨ੍ਹਾਂ ਨੂੰ 'ਬਾਲ ਗੁਰੂ' ਵੀ ਕਿਹਾ ਜਾਂਦਾ ਹੈ। | ਔਰੰਗਜ਼ੇਬ |
| 9. | ਗੁਰੂ ਤੇਗ ਬਹਾਦਰ ਜੀ | 1 ਅਪ੍ਰੈਲ 1621 ਈ., ਅੰਮ੍ਰਿਤਸਰ | ਨਾਨਕੀ ਜੀ, ਗੁਰੂ ਹਰਗੋਬਿੰਦ ਸਾਹਿਬ ਜੀ | 1664 ਈ. | 1675 ਈ. | 1. ਇਨ੍ਹਾਂ ਨੇ ਹਿੰਦੂ ਧਰਮ ਨੂੰ ਬਚਾਉਣ ਲਈ ਆਤਮ ਬਲੀਦਾਨ ਦਿੱਤਾ ਜਿਸ ਕਰਕੇ ਇਨ੍ਹਾਂ ਨੂੰ 'ਹਿੰਦ ਦੀ ਚਾਦਰ' ਵੀ ਕਿਹਾ ਜਾਂਦਾ ਹੈ । 2. ਸਿੱਖ ਧਰਮ ਦੇ ਪ੍ਰਚਾਰ ਲਈ ਪੂਰਬੀ ਭਾਰਤ ਤੇ ਮਾਲਵਾ ਖੇਤਰ ਦੀਆਂ ਯਾਤਰਾਵਾਂ ਕੀਤੀਆਂ । 3. ਮਾਲਵਾ ਖੇਤਰ ਦੀਆਂ ਯਾਤਰਾਵਾਂ ਕਰਨ ਕਰਕੇ ਇਨ੍ਹਾਂ ਨੂੰ 'ਮਾਲਵਾ ਰਤਨ' ਕਿਹਾ ਜਾਂਦਾ ਹੈ । | ਔਰੰਗਜ਼ੇਬ |
| 10. | ਗੁਰੂ ਗੋਬਿੰਦ ਸਿੰਘ ਜੀ | 22 ਦਸੰਬਰ 1666 ਈ., ਪਟਨਾ (ਬਿਹਾਰ) | ਮਾਤਾ ਗੁਜਰੀ ਜੀ, ਗੁਰੂ ਤੇਗ ਬਹਾਦਰ ਜੀ | 1675 ਈ. | 1708 ਈ. | 1. ਖ਼ਾਲਸਾ ਪੰਥ ਦੀ ਸਾਜਨਾ ਕਰਕੇ ਸਿੱਖ ਧਰਮ ਨੂੰ ਨਵਾਂ ਸਵਰੂਪ ਪ੍ਰਦਾਨ ਕੀਤਾ। 2. ਜ਼ੁਲਮਾਂ ਤੋਂ ਰੱਖਿਆ ਲਈ ਲੜਾਈਆਂ ਲੜੀਆਂ । 3. ਜ਼ਫਰਨਾਮਾ, ਬਚਿੱਤਰ ਨਾਟਕ ਵਰਗੀਆਂ ਪ੍ਰਸਿੱਧ ਰਚਨਾਵਾਂ ਲਿਖੀਆਂ। 3. ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤਾ। 4. ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਦਾ ਦਰਜਾ ਦਿੱਤਾ । | ਔਰੰਗਜ਼ੇਬ , ਬਹਾਦਰ ਸ਼ਾਹ |

**ਪ੍ਰੋਜੈਕਟ ਕੰਮ**

**ਅਧਿਆਪਕ ਉਪਰੋਕਤ ਸਾਰਨੀ ਦੇ ਹਰ ਪੁਆਇੰਟ ਬਾਰੇ ਵਿਦਿਆਰਥੀਆਂ ਨੂੰ ਚੰਗੀ ਤਰ੍ਹਾਂ ਨਾਲ ਸਮਝਾਏ ।**

- ਅਧਿਆਪਕ ਵਿਦਿਆਰਥੀਆਂ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੇ ਸਥਾਨ ਨਕਸ਼ੇ ਉੱਪਰ ਦਰਸਾਉਣ ਲਈ ਕਹਿ ਸਕਦਾ ਹੈ ।
- ਅਧਿਆਪਕ ਵਿਦਿਆਰਥੀਆਂ ਨੂੰ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਲੜਾਈਆਂ ਨੂੰ ਨਕਸ਼ੇ ਉੱਤੇ ਦਰਸਾਉਣ ਲਈ ਕਹਿ ਸਕਦਾ ਹੈ ।
- ਇੱਥੇ ਅਧਿਆਪਕ ਬੱਚਿਆਂ ਨੂੰ ਉਹਨਾ ਦੇ ਆਲੇ-ਦੁਆਲੇ ਦਾ ਨਿਰੀਖਣ ਕਰਕੇ ਇੱਕ ਰਿਪੋਰਟ ਤਿਆਰ ਕਰਨ ਲਈ ਕਹਿ ਸਕਦਾ ਹੈ ਜਿਸ ਵਿੱਚ ਉਹ ਦੇਖਣਗੇ ਕਿ ਅੱਜ ਦੇ ਸਮੇਂ ਵਿੱਚ ਇਸਤਰੀ ਅਤੇ ਪੁਰਸ਼ ਵਿੱਚ ਕਿਸ ਪੱਖ ਤੋਂ ਅਤੇ ਕਿਹੜੀ ਥਾਂ ਤੇ ਵਿਤਕਰਾ ਹੋ ਰਿਹਾ ਹੈ ਅਤੇ ਉਸਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ ।

**ਗਤੀਵਿਧੀਆਂ**

- ਸਿੱਖ ਇਤਿਹਾਸ ਨਾਲ ਸੰਬੰਧਤ ਗੁਰਦੁਆਰੇ, ਇਤਿਹਾਸਕ ਸਥਾਨ ਜਾਂ ਅਜਾਇਬ ਘਰ ਆਦਿ ਵਿਖੇ ਵਿਦਿਆਰਥੀਆਂ ਦਾ ਵਿੱਦਿਅਕ ਟੂਰ ਵੀ ਲਿਜਾਇਆ ਜਾ ਸਕਦਾ ਹੈ ।
- ਅਧਿਆਪਕ ਜਮਾਤ ਵਿੱਚ ਦਸ ਗੁਰੂ ਸਾਹਿਬਾਨ ਬਾਰੇ **ਕੁਇਜ਼ ਮੁਕਾਬਲਾ** ਵੀ ਕਰਵਾ ਸਕਦਾ ਹੈ ।
- ਅਧਿਆਪਕ ਵਿਦਿਆਰਥੀਆਂ ਨੂੰ ਗੁਰੂ ਨਾਨਕ ਦੇਵ ਜੀ ਦੇ ਮਨਾਏ ਜਾ ਰਹੇ 550 ਸਾਲਾ ਪ੍ਰਕਾਸ਼ ਪੁਰਬ ਸੰਬੰਧੀ ਰਿਪੋਰਟ ਤਿਆਰ ਕਰਨ ਲਈ ਕਹਿ ਸਕਦਾ ਹੈ ।

# ਬੰਦਾ ਸਿੰਘ ਬਹਾਦਰ – ਜੀਵਨ ਤੇ ਸੈਨਿਕ ਅਭਿਆਨ

ਉਪ-ਵਿਸ਼ਾ ਸ਼ੁਰੂ ਕਰਨ ਤੋਂ ਪਹਿਲਾਂ ਅਧਿਆਪਕ ਵਿਦਿਆਰਥੀਆਂ ਨੂੰ ਪੁੱਛੇਗਾ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਿੱਖਾਂ ਦੀ ਰਾਜਨੀਤਿਕ ਅਗਵਾਈ ਕਿਸ ਨੇ ਕੀਤੀ। ਜੇਕਰ ਪਤਾ ਹੋਵੇ ਤਾਂ ਠੀਕ ਹੈ ਨਹੀ ਤਾਂ ਅਧਿਆਪਕ ਆਪ ਦੱਸੇਗਾ ਕਿ ਦਸਵੇਂ ਗੁਰੂ ਤੋਂ ਬਾਅਦ ਸਿੱਖਾਂ ਦੀ ਰਾਜਨੀਤਿਕ ਅਗਵਾਈ ਬੰਦਾ ਸਿੰਘ ਬਹਾਦਰ ਨੇ ਕੀਤੀ। ਉਹਨਾਂ ਦਾ ਜਨਮ 1670 ਈਸਵੀ ਨੂੰ ਪਿਤਾ ਸ਼੍ਰੀ ਰਾਮ ਦੇਵ ਅਤੇ ਮਾਤਾ ਸੁਲੱਖਣੀ ਦੇ ਘਰ ਰਾਜੌਰੀ (ਜੰਮੂ-ਕਸ਼ਮੀਰ) ਵਿਖੇ ਹੋਇਆ। ਉਹਨਾਂ ਦਾ ਮੁੱਢਲਾ ਨਾਮ ਲਛਮਣ ਦੇਵ ਸੀ। ਹਿਰਨੀ ਦੇ ਸ਼ਿਕਾਰ ਦੀ ਘਟਨਾ ਨੇ ਉਹਨਾਂ ਦੇ ਆਉਣ ਵਾਲੇ ਜੀਵਨ ਉੱਪਰ ਗਹਿਰਾ ਪ੍ਰਭਾਵ ਪਾਇਆ। ਇੱਥੇ ਅਧਿਆਪਕ ਵਿਦਿਆਰਥੀਆਂ ਤੋਂ ਉਹਨਾਂ ਦੇ ਬਚਪਨ ਵਿੱਚ ਵਾਪਰੀਆਂ ਘਟਨਾਵਾਂ (ਯਾਦਾਂ) ਬਾਰੇ ਪੁੱਛ ਸਕਦਾ ਹੈ।

ਅੱਗੇ ਅਧਿਆਪਕ ਟਾਈਮ ਲਾਈਨ ਦੀ ਸਹਾਇਤਾ ਨਾਲ ਕਹਾਣੀ ਵਿਧੀ ਰਾਹੀ ਵਿਦਿਆਰਥੀਆਂ ਨੂੰ ਬੰਦਾ ਸਿੰਘ ਬਹਾਦਰ ਦੇ ਜੀਵਨ ਦੀਆਂ ਮੁੱਖ ਘਟਨਾਵਾਂ ਬਾਰੇ ਦੱਸੇਗਾ।



- **ਜਨਮ –1670 ਈ: (ਰਾਜੌਰੀ ਵਿਖੇ)**
- **1708 ਈ: ਗੁਰੂ ਗੋਬਿੰਦ ਸਿੰਘ ਜੀ ਨਾਲ ਮੁਲਾਕਾਤ**
- **1709 ਈ: ਸਮਾਣਾ ਦੀ ਲੜਾਈ**
- **1710 ਈ: ਚੱਪੜਚਿੜੀ ਦੀ ਲੜਾਈ**
- **1715 ਈ: ਗੁਰਦਾਸ ਨੰਗਲ ਦੀ ਲੜਾਈ**
- **1716 ਈ: ਸ਼ਹਾਦਤ**

ਇਸ ਤੋਂ ਬਾਅਦ ਸਾਰਨੀ ਤੇ ਨਕਸ਼ੇ ਦੀ ਮੱਦਦ ਨਾਲ ਬੰਦਾ ਸਿੰਘ ਬਹਾਦਰ ਦੇ ਸੈਨਿਕ ਅਭਿਆਨਾਂ ਦੇ ਸਥਾਨਾਂ ਨੂੰ ਪੜ੍ਹਾਇਆ ਜਾਵੇ। :

| ਸਾਲ | ਲੜਾਈ |
|---|---|
| 1709 ਈ: | ਸੋਨੀਪਤ 'ਤੇ ਹਮਲਾ |
| 1709 ਈ: | ਸ਼ਾਹੀ ਖਜਾਨਾ ਲੁੱਟਣਾ |
| 1709 ਈ: | ਸਮਾਣਾ ਦੀ ਜਿੱਤ |
| 1709 ਈ: | ਕਪੂਰੀ ਤੇ ਸਢੋਰਾ ਦੀ ਜਿੱਤ |
| 1710 ਈ: | ਚਪੜਚਿੜੀ ਦੀ ਲੜਾਈ (ਸਰਹਿੰਦ ਦੀ ਜਿੱਤ) |
| 1710 ਈ: | ਗੰਗਾ -ਜਮਨਾ ਦੁਆਬ ਦੀ ਜਿੱਤ |
| 1710 ਈ: | ਜਲੰਧਰ ਦੁਆਬ ਦੀ ਜਿੱਤ |
| 1710 ਈ: | ਮੁਖਲਿਸਪੁਰ (ਲੋਹਗੜ੍ਹ) ਦੀ ਲੜਾਈ |
| 1715 ਈ: | ਗੁਰਦਾਸ ਨੰਗਲ ਦੀ ਲੜਾਈ |



***ਇਹ ਜਾਣਕਾਰੀ ਦੇਣ ਤੋਂ ਬਾਅਦ ਵਿਦਿਆਰਥੀਆਂ ਨੂੰ ਦੱਸਿਆ ਜਾਵੇਗਾ ਕਿ ਬੰਦਾ ਸਿੰਘ ਬਹਾਦਰ ਨੇ ਪੰਜਾਬ ਵਿੱਚ ਪਹਿਲੀ ਵਾਰ ਸਿੱਖ ਰਾਜ ਸਥਾਪਿਤ ਕੀਤਾ। ਪੰਜਾਬ ਵਿੱਚੋਂ ਜ਼ਿਮੀਂਦਾਰੀ ਪ੍ਰਥਾ ਖਤਮ ਕਰਕੇ ਕਿਸਾਨਾਂ ਨੂੰ ਜ਼ਮੀਨ ਦੇ ਮਾਲਕ ਬਣਾਇਆ।ਪਹਿਲੀ ਵਾਰ ਨੀਵੀਆਂ ਜਾਤੀਆਂ ਦੇ ਸਿੱਖਾਂ ਨੂੰ ਸ਼ਾਸਨ ਦੇ ਉੱਚ ਅਹੁਦੇ ਪ੍ਰਦਾਨ ਕੀਤੇ।***

ਅਧਿਆਪਕ ਵਿਦਿਆਰਥੀਆਂ ਨੂੰ ਪੜ੍ਹਾਵੇਗਾ ਕਿ:

1 ਬੰਦਾ ਸਿੰਘ ਬਹਾਦਰ ਨੇ ਕਿਹੜੇ ਸਿੱਕੇ ਚਲਾਏ? 2. ਬੰਦਾ ਸਿੰਘ ਬਹਾਦਰ ਨੇ ਜਿੱਤੇ ਹੋਏ ਖੇਤਰ ਦਾ ਰਾਜ ਪ੍ਰਬੰਧ ਕਿਵੇਂ ਚਲਾਇਆ ? 3. ਤੱਤ ਖਾਲਸਾ ਤੇ ਬੰਦਈ ਖਾਲਸਾ ਬਾਰੇ **ਦੱਸੋ**? 4. ਬੰਦਾ ਸਿੰਘ ਬਹਾਦਰ ਨੂੰ ਕਿਵੇਂ ਤੇ ਕਿੱਥੇ ਸ਼ਹੀਦ ਕੀਤਾ ਗਿਆ ?

ਗਤੀਵਿਧੀ

***ਬੰਦਾ ਸਿੰਘ ਬਹਾਦਰ ਦੀਆਂ ਸਫਲਤਾਵਾਂ ਤੇ ਅੰਤਿਮ ਅਸਫਲਤਾ ਦੇ ਕਾਰਨਾਂ ਬਾਰੇ ਜਮਾਤ ਵਿੱਚ ਵਾਦ - ਵਿਵਾਦ ਕਰਵਾਇਆ ਜਾ ਸਕਦਾ ਹੈ, ਜਿਸ ਵਿੱਚ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਭਾਗੀਦਾਰੀ ਹੋਵੇ।***

ਸੁਝਾਅ

- ਜੇਕਰ ਸੰਭਵ ਹੋਵੇ ਤਾ ਵਿਦਿਆਰਥੀਆਂ ਨੂੰ ਚੱਪੜਚਿੜੀ ਵਿਖੇ ਟੂਰ ਤੇ ਲਿਜਾਇਆ ਜਾ ਸਕਦਾ ਹੈ।
- **ਚਾਰ ਸਾਹਿਬਜ਼ਾਦੇ-2 ਫਿਲਮ ਵਿਖਾਈ ਜਾ ਸਕਦੀ ਹੈ, ਤਾਂ ਕਿ ਇਸ ਉਪ-ਵਿਸ਼ੇ ਸਬੰਧੀ ਵਿਦਿਆਰਥੀ ਭਰਪੂਰ ਜਾਣਕਾਰੀ ਪ੍ਰਾਪਤ ਕਰ ਸਕਣ**

## ਅਬਦੁਸ ਸਮਦ ਖਾਂ, ਜ਼ਕਰੀਆ ਖਾਂ ਤੇ ਮੀਰ ਮੰਨੂੰ (1713 ਈ: ਤੋਂ 1753 ਈ: ਤੱਕ)

ਸਭ ਤੋਂ ਪਹਿਲਾਂ ਅਧਿਆਪਕ ਵਿਦਿਆਰਥੀਆਂ ਨੂੰ ਦੱਸੇਗਾ ਕਿ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਪੰਜਾਬ ਵਿੱਚ ਅੱਤਿਆਚਾਰਾਂ ਦਾ ਦੌਰ ਸ਼ੁਰੂ ਹੋਇਆ। ਅਧਿਆਪਕ ਇਸ ਉਪ ਵਿਸ਼ੇ ਨੂੰ ਮਾਈਂਡ ਮੈਪ **ਜਾਂ** ਚਾਰਟ/ਟੇਬਲ ਬਣਾ ਕੇ ਵਧੀ**ਆ** ਤਰੀਕੇ ਨਾਲ **ਕਹਾਣੀ ਵਿਧੀ ਰਾਹੀਂ** ਵਿਦਿਆਰਥੀਆਂ ਨੂੰ ਸਮਝਾ ਸਕਦਾ ਹੈ ਕਿ ਕਿਸ ਤਰ੍ਹਾਂ ਵੱਖ-ਵੱਖ ਸੂਬੇਦਾਰਾਂ ਦੇ ਜ਼ੁਲਮਾਂ ਦਾ ਸਾਹਮਣਾ ਸਿੱਖਾਂ ਨੇ ਬਹਾਦਰੀ, ਦਲੇਰੀ, ਹਿੰਮਤ ਅਤੇ ਅਡੋਲਤਾ ਨਾਲ ਕੀਤਾ।

| ਲੜੀ ਨੰ: | ਸੂਬੇਦਾਰ ਦਾ ਨਾਂ | ਉਪਾਧੀ ਹਾਸਲ ਕੀਤੀ | ਸ਼ਾਸ਼ਨ ਕਾਲ | ਪੰਜਾਬ ਕਿਸ ਸਾਮਰਾਜ ਦਾ ਹਿੱਸਾ | ਬਾਦਸ਼ਾਹ ਦਾ ਨਾਂ | ਮੁੱਖ ਘਟਨਾਵਾਂ |
|---|---|---|---|---|---|---|
| 1 | ਅਬਦੁਸ ਸਮਦ ਖਾਂ | ਰਾਜ ਦੀ ਤਲਵਾਰ | 1713 ਈ:- 1726 ਈ: | ਮੁਗਲ ਸਾਮਰਾਜ | ਫਰੁਖਸੀਅਰ<br>ਸ਼ਾਹਜਹਾਂ ਦੂਜਾ<br>ਮੁਹੰਮਦ ਸ਼ਾਹ ਰੰਗੀਲਾ | -ਬੰਦਾ ਬਹਾਦਰ ਦੀ ਗੁਰਦਾਸ ਨੰਗਲ ਦੀ ਲੜਾਈ 'ਚ ਹਾਰ ਅਤੇ ਗ੍ਰਿਫਤਾਰੀ, 1715 ਈ:<br>-ਤੱਤ ਖਾਲਸਾ ਤੇ ਬੰਦਈ ਖਾਲਸਾ ਵਿਚਕਾਰ ਸਮਝੌਤਾ, 1721 ਈ. |

| | | | | | | |
|---|---|---|---|---|---|---|
| 2 | ਜ਼ਕਰੀਆ ਖਾਂ | ਖਾਨ ਬਹਾਦਰ | 1726 ਈ:- 1745 ਈ: | ਮੁਗ਼ਲ ਸਾਮਰਾਜ | ਮੁਹੰਮਦ ਸ਼ਾਹ ਰੰਗੀਲਾ | - ਭਾਈ ਤਾਰਾ ਸਿੰਘ ਵਾਨ ਦੀ ਸ਼ਹੀਦੀ 1726 ਈ:<br>- ਬੁੱਢਾ ਦਲ ਤੇ ਤਰੁਣਾ ਦਲ ਦੀ ਸਥਾਪਨਾ 1734 ਈ:<br>- ਭਾਈ ਮਨੀ ਸਿੰਘ ਦੀ ਸ਼ਹੀਦੀ 1738 ਈ:<br>- ਭਾਈ ਬੋਤਾ ਸਿੰਘ ਦੀ ਸ਼ਹੀਦੀ 1739 ਈ:<br>- ਭਾਈ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਦੀ ਸ਼ਹੀਦੀ 1740 ਈ:<br>- ਬਾਲ ਹਕੀਕਤ ਰਾਏ ਦੀ ਸ਼ਹੀਦੀ 1742 ਈ:<br>- ਭਾਈ ਤਾਰੂ ਸਿੰਘ ਦੀ ਸ਼ਹੀਦੀ 1745 ਈ: |
| 3 | ਘਰੇਲੂ ਯੁੱਧ ਸ਼ਾਹਨਵਾਜ਼ ਖਾਂ ਤੇ ਯਾਹੀਆ ਖਾਂ ਵਿਚਕਾਰ | | 1745 ਈ:- 1746 ਈ: | ਮੁਗ਼ਲ ਸਾਮਰਾਜ | ਮੁਹੰਮਦ ਸ਼ਾਹ ਰੰਗੀਲਾ | - ਘਰੇਲੂ ਯੁੱਧ ਕਾਰਨ ਸਿੱਖਾਂ ਵੱਲ ਕੋਈ ਧਿਆਨ ਨਹੀਂ ਦਿੱਤਾ |
| 4 | ਯਾਹੀਆ ਖਾਂ | | 1746 ਈ:- 1747 ਈ: | ਮੁਗ਼ਲ ਸਾਮਰਾਜ | ਮੁਹੰਮਦ ਸ਼ਾਹ ਰੰਗੀਲਾ | ਛੋਟਾ ਘੱਲੂਘਾਰਾ- ਕਾਹਨੂੰਵਾਨ ਮਈ 1746 ਈ: |
| 5 | ਸ਼ਾਹਨਵਾਜ਼ ਖਾਂ | | 1747 ਈ:- 1748 ਈ: | ਮੁਗ਼ਲ ਸਾਮਰਾਜ | ਮੁਹੰਮਦ ਸ਼ਾਹ ਰੰਗੀਲਾ | ਅਹਿਮਦ ਸ਼ਾਹ ਅਬਦਾਲੀ ਦਾ ਪਹਿਲਾ ਹਮਲਾ |
| 6 | ਮੀਰ ਮੰਨੂੰ (ਮੁਈਨ-ਉਲ-ਮੁਲਕ) | | 1748 ਈ:- 1752 ਈ:<br>1752 ਈ:- 1753 ਈ: | ਮੁਗ਼ਲ ਸਾਮਰਾਜ<br>ਅਫਗਾਨਿਸਤਾਨ | ਮੁਹੰਮਦ ਸ਼ਾਹ ਰੰਗੀਲਾ ਅਹਿਮਦ ਸ਼ਾਹ ਬਹਾਦਰ<br>ਅਹਿਮਦ ਸ਼ਾਹ ਅਬਦਾਲੀ | - ਅਹਿਮਦ ਸ਼ਾਹ ਅਬਦਾਲੀ ਦਾ ਤੀਜਾ ਹਮਲਾ 1752 ਈ:<br>- ਸਿੱਖਾਂ 'ਤੇ ਹੱਦੋਂ ਵੱਧ ਜ਼ੁਲਮ |

ਸੁਝਾਅ :- ਜੇਕਰ ਸੰਭਵ ਹੋਵੇ ਤਾਂ ਅਧਿਆਪਕ ਵਿਦਿਆਰਥੀਆਂ ਨੂੰ ਛੋਟੇ ਘੱਲੂਘਾਰੇ ( ਕਾਹਨੂੰਵਾਨ ), ਵੱਡੇ ਘੱਲੂਘਾਰੇ ( ਕੁੱਪ ਰਹੀੜਾ ) ਅਤੇ ਮਹਿਤਿਆਣਾ ਸਾਹਿਬ (ਲੁਧਿਆਣਾ) ਵਿਖੇ ਲਿਜਾ ਸਕਦਾ ਹੈ।

## ਪ੍ਰੋਜੈਕਟ ਵਰਕ


ਅਧਿਆਪਕ ਵਿਦਿਆਰਥੀਆਂ ਨੂੰ ਜ਼ਕਰੀਆ ਖਾਂ ਦੇ ਸ਼ਾਸ਼ਨ ਕਾਲ ਦੌਰਾਨ ਸ਼ਹੀਦ ਹੋਏ ਵੱਖ-ਵੱਖ ਸਿੱਖਾਂ ਦੀਆਂ ਤਸਵੀਰਾਂ ਦੀ ਸਕਰੈਪ ਬੁੱਕ ਤਿਆਰ ਕਰਨ ਲਈ ਕਹਿ ਸਕਦਾ ਹੈ।

# ਸਿੱਖ ਮਿਸਲਾਂ ਦੀ ਉਤਪਤੀ ਤੇ ਵਿਕਾਸ


ਸਭ ਤੋਂ ਪਹਿਲਾਂ ਅਧਿਆਪਕ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਦੀਆਂ ਪ੍ਰਸਥਿਤੀਆਂ ਬਾਰੇ ਵਿਦਿਆਰਥੀਆਂ ਨੂੰ ਦੱਸੇਗਾ । ਫਿਰ ਅਧਿਆਪਕ ਬੁੱਢਾ ਦਲ ਅਤੇ ਤਰੁਣਾ ਦਲ ਬਾਰੇ ਜਾਣਕਾਰੀ ਦੇਣ ਤੋਂ ਬਾਅਦ ਦਲ ਖਾਲਸਾ ਬਾਰੇ ਪੂਰਨ ਜਾਣਕਾਰੀ ਦੇਵੇਗਾ । ਇਸ ਉਪਰੰਤ ਅਧਿਆਪਕ ਵਿਦਿਆਰਥੀਆਂ ਨੂੰ ਦੱਸੇਗਾ ਕਿ ਮਿਸਲਾਂ ਦੀ ਲੋੜ ਕਿਉਂ ਪਈ ।ਇਸ ਤੋਂ ਬਾਅਦ ਅਧਿਆਪਕ **ਮਿਸਲ** ਸ਼ਬਦ ਦੇ ਅਰਥ ਸਮਝਾਵੇਗਾ ਕਿ **ਮਿਸਲ ਇੱਕ ਅਰਬੀ ਸ਼ਬਦ ਹੈ ਜਿਸਦਾ ਅਰਥ ਹੈ 'ਬਰਾਬਰ'** । ਅਧਿਆਪਕ ਦੱਸੇਗਾ ਕਿ ਦਲ ਖਾਲਸਾ ਅਧੀਨ ਵੱਖ-ਵੱਖ ਜੱਥੇ ਬਣਾਏ ਗਏ ਜੋ ਬਾਅਦ ਵਿੱਚ ਮਿਸਲਾਂ ਦਾ ਰੂਪ ਧਾਰਨ ਕਰ ਗਏ।1767 ਈ: ਤੋਂ 19ਵੀਂ ਸਦੀ ਦੇ ਆਰੰਭ ਤੱਕ ਜਮਨਾ ਤੇ ਸਿੰਧ ਦਰਿਆਵਾਂ ਵਿਚਾਲੇ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਉੱਤੇ 12 ਮਿਸਲਾਂ ਦੇ ਰਾਜ ਸਥਾਪਿਤ ਰਹੇ । ਇੰਨ੍ਹਾਂ ਸਾਰੀਆਂ ਮਿਸਲਾਂ ਦੇ ਸਰਦਾਰ ਸਿੱਖ ਧਰਮ ਨੂੰ ਮੰਨਣ ਵਾਲੇ ਸਨ ਅਤੇ ਉਨ੍ਹਾਂ ਨੇ ਇਕੱਠੇ ਮਿਲ ਕੇ ਅਫ਼ਗਾਨ ਦੁਸ਼ਮਣਾਂ ਦਾ ਵਿਰੋਧ ਕੀਤਾ ਸੀ । ਫਿਰ ਵੀ ਇਹ **ਸਰਦਾਰ** ਅਮਲੀ ਰੂਪ ਵਿੱਚ ਸੁਤੰਤਰ ਸਨ ਅਤੇ ਉਨ੍ਹਾਂ ਵਿੱਚ ਆਮ ਤੌਰ 'ਤੇ ਲੜਾਈ-ਝਗੜੇ ਹੁੰਦੇ ਰਹਿੰਦੇ ਸਨ।


ਅਧਿਆਪਕ ਮਿਸਲਾਂ ਦੀ ਉਤਪਤੀ ਦੇ ਵਿਕਾਸ ਦੇ ਵੱਖ-ਵੱਖ ਪੜਾਵਾਂ ਨੂੰ ਫਲੋ ਚਾਰਟ ਰਾਹੀਂ ਪੜਾ ਸਕਦਾ ਹੈ।

## ਸਿੱਖ ਮਿਸਲਾਂ ਦੀ ਉਤਪਤੀ ਦੇ ਪੜਾਅ




ਅਧਿਆਪਕ ਹੇਠ ਲਿਖੀ ਸਾਰਣੀ ਦੀ ਸਹਾਇਤਾ ਨਾਲ ਸਿੱਖ ਮਿਸਲਾਂ ਦੇ ਨਾਂ,ਨੇਤਾਵਾਂ ਦੇ ਨਾਂ, ਇਲਾਕਿਆਂ, ਮਿਸਲ ਦਾ ਨਾਂ ਕਿਵੇਂ ਪਿਆ ਆਦਿ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦੇ ਸਕਦਾ ਹੈ:-

| ਲੜੀ ਨੰ: | ਮਿਸਲ ਦਾ ਨਾਂ | ਸੰਸਥਾਪਕ | ਪ੍ਰਸਿੱਧ ਨੇਤਾ | ਹੋਰ ਨੇਤਾ | ਰਾਜਧਾਨੀ | ਅਧੀਨ ਖੇਤਰ |
|---|---|---|---|---|---|---|
| 1 | ਫੈਜ਼ਲਪੁਰੀਆ ਜਾਂ ਸਿੰਘਪੁਰੀਆ ਮਿਸਲ (ਸਭ ਤੋਂ ਪਹਿਲਾਂ ਸਥਾਪਤ ਹੋਣ ਵਾਲੀ ਮਿਸਲ) | ਨਵਾਬ ਕਪੂਰ ਸਿੰਘ |   ਨਵਾਬ ਕਪੂਰ ਸਿੰਘ | ਖੁਸ਼ਹਾਲ ਸਿੰਘ ਬੁੱਧ ਸਿੰਘ | ਜਲੰਧਰ | ਜਲੰਧਰ ਸਿੰਘਪੁਰਾ, ਪੱਟੀ, ਨੂਰਪੁਰ, ਬਹਿਰਾਮਪੁਰ |

| | | | | | | |
|---|---|---|---|---|---|---|
| 2 | ਆਹਲੂਵਾਲੀਆ<br>ਮਿਸਲ | ਜੱਸਾ ਸਿੰਘ<br>ਆਹਲੂਵਾਲੀਆ | <br>ਜੱਸਾ ਸਿੰਘ<br>ਆਹਲੂਵਾਲੀਆ | ਭਾਗ ਸਿੰਘ<br>ਫਤਿਹ ਸਿੰਘ<br>ਨਿਹਾਲ ਸਿੰਘ | ਕਪੂਰਥਲਾ | ਕਪੂਰਥਲਾ<br>ਨੂਰਮਹਿਲ<br>ਤਲਵੰਡੀ<br>ਫਗਵਾੜਾ<br>ਹੁਸ਼ਿਆਰਪੁਰ<br>ਸੁਲਤਾਨਪੁਰ |
| 3 | ਭੰਗੀ ਮਿਸਲ | ਛੱਜਾ ਸਿੰਘ | <br>ਹਰੀ ਸਿੰਘ | ਭੀਮ ਸਿੰਘ<br>ਹਰੀ ਸਿੰਘ<br>ਝੰਡਾ ਸਿੰਘ<br>ਗੰਡਾ ਸਿੰਘ<br>ਚੜ੍ਹਤ ਸਿੰਘ<br>ਦੇਸਾ ਸਿੰਘ<br>ਗੁਲਾਬ ਸਿੰਘ | ਅੰਮ੍ਰਿਤਸਰ | ਅੰਮ੍ਰਿਤਸਰ<br>,ਤਰਨਤਾਰਨ<br>ਲਾਹੌਰ<br>ਗੁਜਰਾਤ<br>ਸ਼ਾਹਪੁਰ<br>ਸਿਆਲਕੋਟ |
| 4 | ਰਾਮਗੜ੍ਹੀਆ<br>ਮਿਸਲ<br>ਜਾਂ<br>ਨੰਦ ਸਿੰਘ ਜੱਥਾ | ਖੁਸ਼ਹਾਲ ਸਿੰਘ | <br>ਜੱਸਾ ਸਿੰਘ ਰਾਮਗੜ੍ਹੀਆ | ਨੰਦ ਸਿੰਘ<br>ਜੱਸਾ ਸਿੰਘ<br>ਰਾਮਗੜ੍ਹੀਆ<br>ਜੋਧ ਸਿੰਘ | ਹਰਗੋਬਿੰਦਪੁਰ | ਹਰਗੋਬਿੰਦਪੁਰ<br>ਬਟਾਲਾ<br>ਕਾਦੀਆਂ<br>ਕਲਾਨੌਰ<br>ਦੀਨਾਨਗਰ |
| 5 | ਕਨ੍ਹਈਆ<br>ਮਿਸਲ | ਜੈ ਸਿੰਘ | <br>ਸਦਾ ਕੌਰ | ਸਦਾ ਕੌਰ | ਸੋਹੀਆਂ | ਸੋਹੀਆਂ,<br>ਅਜਨਾਲਾ<br>ਗੁਰਦਾਸਪੁਰ<br>ਡੇਰਾ ਬਾਬਾ<br>ਨਾਨਕ<br>ਸੁਜਾਨਪੁਰ,<br>ਹਾਂਸੀ<br>ਪਠਾਨਕੋਟ,<br>ਹਾਜੀਪੁਰ |
| 6 | ਸ਼ੁਕਰਚੱਕੀਆ<br>ਮਿਸਲ | ਨੌਧ ਸਿੰਘ | <br>ਰਣਜੀਤ ਸਿੰਘ | ਚੜ੍ਹਤ ਸਿੰਘ, ਮਹਾਂ<br>ਸਿੰਘ ,<br>ਰਣਜੀਤ ਸਿੰਘ | ਗੁਜਰਾਂਵਾਲਾ | ਗੁਜਰਾਂਵਾਲਾ<br>ਅਹਿਮਦਾਬਾਦ<br>ਚਕਵਾਲ<br>ਜਲਾਲਪੁਰ<br>ਐਮਨਾਬਾਦ<br>ਫਿਰੋਜ਼ਵਾਲਾ |
| 7 | ਫੂਲਕੀਆ<br>ਮਿਸਲ<br>ਤਿੰਨ ਭਾਗ<br>(ਪਟਿਅਲਾ,<br>ਨਾਭਾ, ਜੀਂਦ) | ਚੌਧਰੀ ਫੂਲ | <br>ਬਾਬਾ ਆਲਾ ਸਿੰਘ | ਪਟਿਆਲਾ<br>(ਆਲਾ ਸਿੰਘ)<br>ਨਾਭਾ (ਹਮੀਰ<br>ਸਿੰਘ)<br>ਜੀਂਦ (ਗਜਪਤ<br>ਸਿੰਘ) | ਪਟਿਆਲਾ<br>ਨਾਭਾ<br>ਜੀਂਦ | ਪਟਿਆਲਾ<br>ਨਾਭਾ<br>ਜੀਂਦ<br>ਜੀਂਦ,<br>ਬਰਨਾਲਾ<br>ਬਠਿੰਡਾ<br>ਸੰਗਰੂਰ, ਕੈਥਲ |
| 8 | ਨਕੱਈ<br>ਮਿਸਲ | ਹੀਰਾ ਸਿੰਘ | | ਨਾਹਰ ਸਿੰਘ<br>ਰਣ ਸਿੰਘ<br>ਭਗਵਾਨ ਸਿੰਘ<br>ਕਾਹਨ ਸਿੰਘ | ਚੁੰਨੀਆਂ | ਚੁੰਨੀਆਂ<br>ਖੇਮਕਰਨ<br>ਦੀਪਾਲਪੁਰ<br>ਖੁੱਡੀਆਂ<br>ਬਹਿਰਵਾਲ |

| | | | | | | |
|---|---|---|---|---|---|---|
| 9 | ਡੱਲੇਵਾਲੀਆ ਮਿਸਲ | ਗੁਲਾਬ ਸਿੰਘ | <br>ਤਾਰਾ ਸਿੰਘ ਘੇਬਾ | ਤਾਰਾ ਸਿੰਘ ਘੇਬਾ<br>ਮਾਨ ਸਿੰਘ | ਰਾਹੋਂ | ਰਾਹੋਂ ,<br>ਲੁਧਿਆਣਾ<br>ਫਿਲੌਰ |
| 10 | ਕਰੋੜਸਿੰਘੀਆ ਜਾਂ ਪੰਜਗੜ੍ਹੀਆ ਮਿਸਲ | ਕਰੋੜਾ ਸਿੰਘ | | ਬਘੇਲ ਸਿੰਘ | ਸ਼ਾਮਚੌਰਾਸੀ | ਸ਼ਾਮਚੌਰਾਸੀ<br>ਭੁੰਗਾ<br>ਨਵਾਂਸ਼ਹਿਰ<br>ਰੁੜਕਾ |
| 11 | ਨਿਸ਼ਾਨਵਾਲੀਆ ਮਿਸਲ | ਸੰਗਤ ਸਿੰਘ | | ਮੋਹਰ ਸਿੰਘ<br>ਦਸੌਂਧਾ ਸਿੰਘ | ਅੰਬਾਲਾ<br>ਸ਼ਾਹਬਾਦ | ਅੰਬਾਲਾ<br>ਸ਼ਾਹਬਾਦ |
| 12 | ਸ਼ਹੀਦ ਜਾਂ ਨਿਹੰਗ ਮਿਸਲ | ਸੁੱਧਾ ਸਿੰਘ | <br>ਬਾਬਾ ਦੀਪ ਸਿੰਘ | ਬਾਬਾ ਦੀਪ ਸਿੰਘ<br>ਕਰਮ ਸਿੰਘ<br>ਗੁਰਬਖ਼ਸ਼ ਸਿੰਘ | ਸ਼ਾਹਜਾਦਪੁਰ | ਸ਼ਾਹਜਾਦਪੁਰ,<br>ਤਲਵੰਡੀ ਸਾਬੋ<br>ਉੱਤਰੀ ਅੰਬਾਲਾ |

**ਕੀ ਤੁਸੀਂ ਜਾਣਦੇ ਹੋ ਕਿ ਫੂਲਕੀਆਂ ਮਿਸਲ ਦਲ ਖਾਲਸਾ ਦਾ ਹਿੱਸਾ ਨਹੀਂ ਸੀ ?**

ਸਿੱਖ ਮਿਸਲਾਂ ਬਾਰੇ ਜਾਣਕਾਰੀ ਦੇਣ ਤੋਂ ਬਾਅਦ ਅਧਿਆਪਕ ਕਹਾਣੀ ਸੁਨਾਉਣ ਵਿਧੀ ਰਾਹੀ ਵਿਦਿਆਰਥੀਆਂ ਨੂੰ ਗੁਰਮੱਤਾ, ਸਰਬੱਤ ਖਾਲਸਾ, ਗੁਰੀਲਾ ਯੁੱਧ ਪ੍ਰਣਾਲੀ ਅਤੇ ਵੱਡੇ ਘੱਲੂਘਾਰੇ ਬਾਰੇ ਵਿਸਥਾਰ ਸਹਿਤ ਜਾਣਕਾਰੀ ਦੇਵੇਗਾ। ਨਵਾਬ ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਚੜ੍ਹਤ ਸਿੰਘ **ਸ਼ੁਕਰਚੱਕੀਆ**, ਜੈ ਸਿੰਘ ਕਨੱਈਆ, ਤਾਰਾ ਸਿੰਘ ਘੇਬਾ **ਆਦਿ** ਦੇ ਜੀਵਨ ਬਾਰੇ ਸੰਖੇਪ ਵਿੱਚ ਦੱਸੇਗਾ।


## ਪ੍ਰੋਜੈਕਟ ਵਰਕ

- ❖ ਅਧਿਆਪਕ ਵਿਦਿਆਰਥੀਆਂ ਨੂੰ ਹਰ ਮਿਸਲ ਦਾ ਨਾਂ, ਮਸ਼ਹੂਰ ਨੇਤਾ ਅਤੇ ਉਸ ਦੇ ਇਲਾਕਿਆਂ ਦਾ ਚਾਰਟ ਜਾਂ ਸਕਰੈਪ ਬੁੱਕ ਤਿਆਰ ਕਰਨ ਨੂੰ ਕਹਿ ਸਕਦਾ ਹੈ।
- ❖ ਅਧਿਆਪਕ ਵਿਦਿਆਰਥੀਆਂ ਨੂੰ ਵੱਖ-ਵੱਖ ਮਿਸਲਾਂ ਦਾ ਨਾਂ ਕਿਵੇਂ ਪਿਆ ਸੰਬੰਧੀ ਰਿਪੋਰਟ ਤਿਆਰ ਕਰਕੇ ਲਿਆਉਣ ਲਈ ਕਹਿ ਸਕਦਾ ਹੈ।
- ❖ ਅਧਿਆਪਕ ਨਕਸ਼ੇ ਦੀ ਮਦਦ ਨਾਲ ਸਿੱਖ ਮਿਸਲਾਂ ਦੇ ਖੇਤਰ ਦੀ ਜਾਣਕਾਰੀ ਦੇਵੇਗਾ।

## ਗਤੀਵਿਧੀ

ਅਧਿਆਪਕ ਕਾਰਡ ਜਾਂ ਸਲਿਪਾਂ ਦੇ ਆਦਾਨ-ਪ੍ਰਦਾਨ ਦੀ ਗਤੀਵਿਧੀ ਰਾਹੀਂ ਵੀ ਕਲਾਸ ਵਿੱਚ ਦੁਹਰਾਈ ਕਰਵਾ ਸਕਦਾ ਹੈ।

# ਮਹਾਰਾਜਾ ਰਣਜੀਤ ਸਿੰਘ – ਜੀਵਨ, ਜਿੱਤਾਂ ਤੇ ਸ਼ਾਸ਼ਨ ਪ੍ਰਬੰਧ




ਉਪ-ਵਿਸ਼ਾ ਸ਼ੁਰੂ ਕਰਨ ਤੋਂ ਪਹਿਲਾਂ ਅਧਿਆਪਕ ਵਿਦਿਆਰਥੀਆਂ ਨੂੰ ਪੁੱਛੇਗਾ ਕਿ ਮਹਾਰਾਜਾ ਰਣਜੀਤ ਸਿੰਘ ਜੀ ਕੌਣ ਸਨ।ਜੇਕਰ ਵਿਦਿਆਰਥੀਆਂ ਨੂੰ ਪਤਾ ਹੋਵੇ ਤਾਂ ਠੀਕ ਹੈ ਨਹੀ ਤਾਂ ਅਧਿਆਪਕ ਆਪ ਦੱਸੇਗਾ ਕਿ ਰਣਜੀਤ ਸਿੰਘ ਨੇ ਸੁਤੰਤਰ ਸਿੱਖ ਰਾਜ ਦੀ ਸਥਾਪਨਾ ਕੀਤੀ ।ਉਸਦਾ ਰਾਜ ਉੱਤਰ ਵਿੱਚ ਲੱਦਾਖ ਤੋਂ ਲੈ ਕੇ ਦੱਖਣ ਵਿੱਚ ਸ਼ਿਕਾਰਪੁਰ ਤੱਕ ਅਤੇ ਪੂਰਬ ਵਿੱਚ ਸਤਲੁਜ ਦਰਿਆ ਤੋਂ ਲੈ ਕੇ ਪੱਛਮ ਵਿੱਚ ਪਿਸ਼ਾਵਰ ਤੱਕ ਫੈਲਿਆ ਹੋਇਆ ਸੀ। ਅਧਿਆਪਕ ਟਾਇਮ ਲਾਇਨ ਦੀ ਸਹਾਇਤਾ ਨਾਲ ਰਣਜੀਤ ਸਿੰਘ ਦੇ ਜੀਵਨ ਬਾਰੇ ਦੱਸੇਗਾ। ਇਸ ਤੋਂ ਬਾਅਦ ਅਧਿਆਪਕ ਵਿਦਿਆਰਥੀਆਂ ਨੂੰ ਰਣਜੀਤ ਸਿੰਘ ਦੇ ਉਭਾਰ ਸਮੇਂ ਪੰਜਾਬ ਦੀਆਂ ਰਾਜਨੀਤਿਕ ਪ੍ਰਸਥਿਤੀਆਂ ਨੂੰ ਸਮਝਾਉਣ ਲਈ ਨਕਸ਼ੇ ਦੀ ਵਰਤੋਂ ਕਰਦਾ ਹੋਇਆ ਸਿੱਖ ਮਿਸਲਾਂ, ਕਸੂਰ ਦਾ ਰਾਜ, ਜਾਰਜ ਥੌਮਸ ਦਾ ਰਾਜ, ਅਤੇ ਫਿਰ ਗੁਆਂਢੀ ਤਾਕਤਾਂ ਬਾਰੇ ਦੱਸ ਸਕਦਾ ਹੈ ਜੋ ਪੰਜਾਬ ਨੂੰ ਹੜੱਪਣਾ ਚਾਹੁੰਦੀਆਂ ਸਨ।

## ਟਾਇਮ ਲਾਇਨ




- ਜਨਮ –1780 ਈ:( ਗੁਜਰਾਂਵਾਲਾ)
- 1792 ਈ: ਪਿਤਾ ਮਹਾਂ ਸਿੰਘ ਦੀ ਮੌਤ
- 1796 ਈ: ਵਿਆਹ (ਮਹਿਤਾਬ ਕੌਰ ਨਾਲ)
- 1797 ਈ: ਰਾਜ–ਪ੍ਰਬੰਧ ਸੰਭਾਲਣਾ
- 1799 ਈ: ਲਾਹੌਰ ਦੀ ਜਿੱਤ
- 1802 ਈ. ਮਹਾਰਾਜਾ ਦੀ ਉਪਾਧੀ ਧਾਰਨ ਕਰਨੀ
- 1818 ਈ: ਮੁਲਤਾਨ ਦੀ ਜਿੱਤ
- 1819 ਈ: ਕਸ਼ਮੀਰ ਦੀ ਜਿੱਤ
- 1834 ਈ: ਪਿਸ਼ਾਵਰ ਦੀ ਜਿੱਤ
- 1839 ਈ: ਮੌਤ

ਇਸ ਤੋਂ ਬਾਅਦ ਵਿੱਚ ਅਧਿਆਪਕ ਹੇਠਾਂ ਦਿੱਤੇ ਚਾਰਟ ਅਤੇ ਨਕਸ਼ੇ ਦੀ ਮਦਦ ਨਾਲ ਰਣਜੀਤ ਸਿੰਘ ਦੀਆਂ ਪ੍ਰਮੁੱਖ ਜਿੱਤਾਂ ਬਾਰੇ ਜਾਣਕਾਰੀ ਦੇਵੇਗਾ

## ਰਣਜੀਤ ਸਿੰਘ ਦੀਆਂ ਪ੍ਰਮੁੱਖ ਜਿੱਤਾਂ

| ਲੜਾਈ ਦਾ ਨਾਂ | ਲੜਾਈ ਕਦੋ ਹੋਈਂ | ਵਿਰੋਧੀ ਸ਼ਾਸਕ | ਵਿਸ਼ੇਸ਼ ਕਥਨ |
|---|---|---|---|
| **ਲਾਹੌਰ ਦੀ ਜਿੱਤ** | 1799 ਈ: | ਤਿੰਨ ਭੰਗੀ ਸਰਦਾਰਾਂ ਨਾਲ | ਰਣਜੀਤ ਸਿੰਘ ਦਾ ਲਾਹੌਰ ਤੇ ਅਧਿਕਾਰ |
| **ਅੰਮ੍ਰਿਤਸਰ ਦੀ ਜਿੱਤ** | 1805 ਈ: | ਗੁਲਾਬ ਸਿੰਘ ਦੀ ਵਿਧਵਾ ਮਾਈਂ ਸੁੱਖਾਂ ਨਾਲ | ਜਮਜਮਾ ਤੋਪ ਤੇ ਅਕਾਲੀ ਫੂਲਾ ਸਿੰਘ ਦੀ ਪ੍ਰਾਪਤੀ |
| **ਮਾਲਵਾ ਦੀ ਮਹਿੰਮ** | 1806-1808 ਈ: | **ਪਟਿਆਲਾ ਦਾ ਮਹਾਰਾਜਾ ਸਾਹਿਬ ਸਿੰਘ** | ਵੱਖ-ਵੱਖ ਸਰਦਾਰਾਂ ਤੋਂ ਨਜਰਾਨੇ ਪ੍ਰਾਪਤ ਕੀਤੇ |
| **ਜੰਮੂ ਦੀ ਦੀ ਜਿੱਤ** | 1809 ਈ: | ਜੈ ਸਿੰਘ ਦੇ ਉਤਰਾਧਿਕਾਰੀਆਂ ਨਾਲ | ਤਿੰਨ ਮੁਹਿੰਮਾਂ ਤੋਂ ਬਾਅਦ ਜਿੱਤ ਪ੍ਰਾਪਤ |
| **ਕਾਂਗੜਾ ਦੀ ਦੀ ਜਿੱਤ** | 1809 ਈ: | ਸੰਸਾਰ ਚੰਦ ਕਟੋਚ ਨਾਲ | ਕਾਂਗੜੇ ਦੇ ਕਿਲ੍ਹੇ ਦੀ ਪ੍ਰਾਪਤੀ |
| **ਅਟਕ ਦੀ ਦੀ ਜਿੱਤ** | 1813 ਈ: | ਕਾਬਲ ਦੇ ਵਜ਼ੀਰ ਫਤਿਹ ਖਾਂ ਨਾਲ | ਸਿੱਖਾਂ ਅਤੇ ਅਫਗਾਨਾਂ ਦੀ ਪਹਿਲੀ ਲੜਾਈ |
| **ਮੁਲਤਾਨ ਦੀ ਦੀ ਜਿੱਤ** | 1818 ਈ: | ਮੁਜ਼ੱਫਰ ਖਾਂ ਨਾਲ | ਮਿਸਰ ਦੀਵਾਨ ਚੰਦ ਨੂੰ ਜ਼ਫਰ ਜੰਗ ਦਾ ਖਿਤਾਬ |
| **ਕਸ਼ਮੀਰ ਦੀ ਦੀ ਜਿੱਤ** | 1819 ਈ: | ਜ਼ੱਬਰ ਖਾਂ ਨਾਲ | ਮਿਸਰ ਦੀਵਾਨ ਚੰਦ ਨੂੰ ਫਤਹਿ ਜੰਗ ਦਾ ਖਿਤਾਬ |
| **ਨੌਸ਼ਹਿਰਾ ਦੀ ਲੜਾਈ** | 1823 ਈ: | ਆਜ਼ਮ ਖਾਂ ਨਾਲ | ਪਿਸ਼ਾਵਰ ਦੇ ਸ਼ਾਸਨ ਪ੍ਰਬੰਧ ਦਾ ਹੱਥਾਂ ਵਿਚ ਆਉਣਾ (**ਅਕਾਲੀ ਫੂਲਾ ਸਿੰਘ ਦੀ ਸ਼ਹਾਦਤ**) |
| **ਜਮਰੌਦ ਦੀ ਲੜਾਈ** | 1837 ਈ: | ਦੋਸਤ ਮੁਹੰਮਦ ਦੇ ਪੁੱਤਰ ਮੁਹੰਮਦ ਅਕਬਰ, ਸ਼ਮਸਉਦੀਨ | ਪਿਸ਼ਾਵਰ ਨੂੰ ਸਿੱਖ ਰਾਜ ਵਿਚ ਮਿਲਾਉਣਾ, ਹਰੀ ਸਿੰਘ ਨਲਵਾ ਦੀ ਸ਼ਹੀਦੀ |



# ਮਹਾਰਾਜਾ ਰਣਜੀਤ ਸਿੰਘ ਦਾ ਸ਼ਾਸਨ ਪ੍ਰਬੰਧ

ਮਹਾਰਾਜਾ ਰਣਜੀਤ ਸਿੰਘ ਦੀ ਸ਼ਾਸਨ ਵਿਵਸਥਾ ਪੜਾਉਣ ਲਈ ਰੋਲ ਪਲੇਅ ਵਿਧੀ ਅਪਣਾਈ ਜਾ ਸਕਦੀ ਹੈ।




ਦ੍ਰਿਸ਼: ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿੱਚ ਉਸ ਦੀ ਮੰਤਰੀ ਪਰਿਸ਼ਦ ਬੈਠੀ ਹੋਵੇਗੀ।ਮਹਾਰਾਜਾ ਰਣਜੀਤ ਸਿੰਘ ਆ ਕੇ ਸਿੰਘਾਸਨ ਤੇ ਬੈਠ ਜਾਣਗੇ ਤੇ ਦਰਬਾਰ ਦੀ ਕਾਰਵਾਈ ਸ਼ੁਰੂ ਹੋਵੇਗੀ।

**ਮਹਾਰਾਜਾ ਰਣਜੀਤ ਸਿੰਘ:** ਪ੍ਰਧਾਨ ਮੰਤਰੀ ਧਿਆਨ ਸਿੰਘ ਜੀ, ਅੱਜ ਦੀ ਕਾਰਵਾਈ ਸ਼ੁਰੂ ਕੀਤੀ ਜਾਵੇ।

**ਪ੍ਰਧਾਨ ਮੰਤਰੀ ਧਿਆਨ ਸਿੰਘ:** ਮਹਾਰਾਜ,ਆਪ ਜੀ ਸਮੁੱਚੀ ਮੰਤਰੀ ਪਰਿਸ਼ਦ ਹਾਜਰ ਹੈ ਜੀ।ਅੱਜ ਆਪ ਜੀ ਦੇ ਸਮੁੱਚੇ ਸ਼ਾਸ਼ਨ - ਪ੍ਰਬੰਧ ਦੀ ਰਿਪੋਰਟ ਪੇਸ਼ ਕੀਤੀ ਜਾਵੇਗੀ ।ਵੱਖ ਵੱਖ ਸੂਬਿਆਂ ਤੋਂ ਆਈਆਂ ਰਿਪੋਰਟਾਂ ਅਨੁਸਾਰ ਆਪ ਜੀ ਦੁਆਰਾ ਬਣਾਏ ਚਾਰੇ ਸੂਬਿਆਂ (ਸੂਬਾ-ਏ-ਲਾਹੌਰ,ਸੂਬਾ-ਏ-ਮੁਲਤਾਨ,ਸੂਬਾ-ਏ-ਕਸ਼ਮੀਰ,ਤੇ ਸੂਬਾ-ਏ-ਪਿਸ਼ਾਵਰ) ਦੇ ਮੁਖੀ ਨਾਜਿਮਾਂ ਦੁਆਰਾ ਸ਼ਾਂਤੀ ਵਿਵਸਥਾ ਬਣਾਈ ਹੋਈ ਹੈ ਅਤੇ ਆਪ ਜੀ ਦੇ ਹੁਕਮ ਲਾਗੂ ਕਰਵਾਏ ਜਾ ਰਹੇ ਹਨ।ਸੂਬਿਆਂ ਅਧੀਨ ਪਰਗਨਿਆਂ ਦੇ ਮੁੱਖੀ ਕਾਰਦਾਰ,ਕਨੂੰਨਗੋ ਅਤੇ ਮੁਕੱਦਮ ਦੀ ਸਹਾਇਤਾ ਨਾਲ ਲੋਕ ਹਿਤਾਂ ਦਾ ਖਿਆਲ ਰੱਖ ਰਹੇ ਹਨ ਅਤੇ ਲਗਾਨ ਇਕੱਠਾ ਕੀਤਾ ਜਾ ਰਿਹਾ ਹੈ।ਮੌਜਿਆਂ (**ਪਿੰਡਾਂ**) ਵਿੱਚ ਛੋਟੇ-ਛੋਟੇ ਝਗੜਿਆਂ ਦਾ ਨਿਪਟਾਰਾ ਪੰਚਾਇਤਾਂ ਆਪ ਹੀ ਕਰ ਰਹੀਆਂ ਹਨ।

**ਮਹਾਰਾਜਾ ਰਣਜੀਤ ਸਿੰਘ:** ਕੋਤਵਾਲ ਇਮਾਮ ਬਖਸ਼ ਜੀ, ਆਪਣੇ ਲਾਹੌਰ ਸ਼ਹਿਰ ਵਿੱਚ ਸਭ ਕੁਝ ਠੀਕ ਚੱਲ ਰਿਹਾ ਹੈ?

**ਕੋਤਵਾਲ ਇਮਾਮ ਬਖਸ਼:** ਜੀ ਮਹਾਰਾਜ, ਸ਼ਹਿਰ ਦੇ ਸਾਰੇ ਮੁਹੱਲਿਆਂ ਦੇ ਮੁਹੱਲੇਦਾਰਾਂ ਦੁਆਰਾ ਸ਼ਾਂਤੀ ਵਿਵਸਥਾ ਕਾਇਮ ਕੀਤੀ ਹੋਈ ਹੈ ਅਤੇ ਸਫਾਈ ਵੱਲ ਪੂਰਾ ਧਿਆਨ ਦਿੱਤਾ ਜਾ ਰਿਹਾ ਹੈ।

**ਮਹਾਰਾਜਾ ਰਣਜੀਤ ਸਿੰਘ:** ਦੀਵਾਨ ਭਵਾਨੀ ਦਾਸ ਜੀ, ਆਪਣੇ ਵਿੱਤੀ ਪ੍ਰਬੰਧ ਦੀ ਕੀ ਸਥਿਤੀ ਹੈ?

**ਦੀਵਾਨ ਭਵਾਨੀ ਦਾਸ:** ਮਹਾਰਾਜ, ਲਾਹੌਰ ਦਰਬਾਰ ਦੀ ਕੁੱਲ ਸਲਾਨਾ ਆਮਦਨ ਲਗਭਗ ਤਿੰਨ ਕਰੋੜ ਰੁਪਏ ਹੈ ਜਿਸ ਵਿੱਚੋਂ ਦੋ ਕਰੋੜ ਰੁਪਏ ਦੇ ਕਰੀਬ ਲਗਾਨ ਦੇ ਰੂਪ ਵਿੱਚ ਇੱਕਠੇ ਹੋ ਰਹੇ ਹਨ। **ਚੁੰਗੀ ਕਰ, ਕਿੱਤਾ ਕਰ, ਨਜ਼ਰਾਨਾ ਤੇ ਜਬਤੀ ਤੋਂ ਵੀ ਕਾਫੀ ਆਮਦਨ ਪ੍ਰਾਪਤ ਹੋ ਰਹੀ ਹੈ। ਅਦਾਲਤਾਂ ਵੀ ਮੋਹਰਾਨਾ,ਸ਼ੁਕਰਾਨਾ ਤੇ ਜ਼ੁਰਮਾਨਾ ਦੇ ਰੂਪ ਵਿੱਚ ਸਰਕਾਰ ਦੀ ਆਮਦਨ ਵਧਾ ਰਹੀਆਂ ਹਨ। ਆਮਦਨ ਤੇ ਖਰਚ** ਦਾ ਸਾਰਾ ਰਿਕਾਰਡ **ਰੱਖਿਆ ਜਾ ਰਿਹਾ** ਹੈ।

**ਮਹਾਰਾਜਾ ਰਣਜੀਤ ਸਿੰਘ:-**ਦੀਵਾਨ ਭਵਾਨੀ ਦਾਸ ਜੀ,ਇਸ ਆਮਦਨ ਨੂੰ ਤਨਖਾਹਾਂ ,ਜੰਗੀ ਸਮਾਨ ਤੇ ਸਰਕਾਰੀ ਯੋਜਨਾਵਾਂ 'ਤੇ ਖਰਚ ਕਰਨ ਦੇ ਨਾਲ-ਨਾਲ ਲੋਕ ਭਲਾਈ ਅਤੇ ਧਰਮਾਰਥ ਕੰਮਾਂ ਲਈ ਵੀ ਖਰਚ ਕੀਤਾ ਜਾਵੇ।ਸੈਨਾਪਤੀ ਮੋਹਕਮ ਚੰਦ ਜੀ, **ਆਪਣੀ ਸੈਨਾ ਦਾ** ਕੀ ਹਾਲ ਹੈ ?

**ਦੀਵਾਨ ਮੋਹਕਮ ਚੰਦ:-**ਮਹਾਰਾਜ, ਆਪ ਜੀ ਦੇ ਹੁਕਮ ਅਨੁਸਾਰ ਸੈਨਿਕ ਪ੍ਰਣਾਲੀ ਵਿੱਚ ਦੇਸੀ ਅਤੇ ਵਿਦੇਸੀ ਸੈਨਿਕ ਪ੍ਰਣਾਲੀਆਂ ਦਾ ਸੁਮੇਲ ਕੀਤਾ ਜਾ ਰਿਹਾ ਹੈ।ਸੈਨਾ ਦੇ ਹਰ ਇੱਕ ਅੰਗ ਨੂੰ ਸਿਖਲਾਈ ਦਿੱਤੀ ਜਾ ਰਹੀ ਹੈ।**ਪੈਦਲ ਸੈਨਾ** ਨੂੰ ਜਨਰਲ **ਵੈਂਤੂਰਾ**, **ਘੋੜਸਵਾਰ ਸੈਨਾ ਨੂੰ ਜਨਰਲ ਐਲਾਰਡ ਤੇ ਤੋਪਖਾਨੇ ਦੀ ਸਿਖਲਾਈ ਕਰਨਲ ਅਲੈਗਜੈਂਡਰ ਗਾਰਡਨਰ ਦੇ ਰਹੇ ਹਨ। ਮਹਾਰਾਜ, ਜਨਰਲ ਵੈਤੂਰਾ ਨੇ 'ਫੌਜ-ਏ-ਖਾਸ ਤਿਆਰ ਕੀਤੀ ਹੈ, ਜਿਸ ਨੂੰ ਯੂਰਪੀ ਢੰਗ ਨਾਲ ਕਰੜੀ ਸਿਖਲਾਈ ਦਿੱਤੀ ਜਾ ਰਹੀ ਹੈ। ਸੈਨਿਕਾਂ ਨੂੰ ਨਕਦ ਤਨਖਾਹਾਂ ਦਿੱਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਮਿਸਲਦਾਰਾਂ ਅਤੇ ਜਗੀਰਦਾਰਾਂ ਦੀ ਸੈਨਾ ਵੀ ਲੋੜ ਸਮੇਂ ਸਹਾਇਤਾ ਕਰਦੀ ਹੈ।**

**ਮਹਾਰਾਜਾ ਰਣਜੀਤ ਸਿੰਘ** :ਵਿਦੇਸ਼ ਮੰਤਰੀ ਫਕੀਰ ਅਜੀਜੂਉਦੀਨ ਜੀ, ਵਿਦੇਸ਼ੀ ਸੰਬੰਧ ਕਿਸ ਤਰਾਂ ਚੱਲ ਰਹੇ ਹਨ ?

**ਫਕੀਰ ਅਜੀਜੂਉਦੀਨ:** ਮਹਾਰਾਜ, ਅੰਗਰੇਜਾਂ ਨਾਲ ਹੋਈ 1809 ਈਸਵੀ ਦੀ ਅੰਮ੍ਰਿਤਸਰ ਦੀ ਸੰਧੀ ਤੋਂ ਬਾਅਦ ਉਹਨਾਂ ਆਪਣੇ ਮਾਮਲਿਆਂ ਵਿੱਚ ਕੋਈ ਦਾਖਲ ਅੰਦਾਜੀ ਨਹੀ ਕੀਤੀ ਪਰ ਹੁਣ ਉਹਨਾਂ ਦਾ ਰੱਵਈਆ ਕੁੱਝ ਬਦਲਿਆ ਹੋਇਆ ਹੈ। ਅਫਗਾਨਿਸਤਾਨ ਦਾ ਸਾਬਕਾ ਸ਼ਾਸ਼ਕ ਸ਼ਾਹ ਸੁਜਾ ਆਪਣੇ ਖੁੱਸੇ ਹੋਏ ਰਾਜ ਨੂੰ ਮੁੜ ਪ੍ਰਾਪਤ ਕਰਨ ਲਈ ਆਪਣੀ ਸਹਾਇਤਾ ਲੈਣੀ ਚਾਹੁੰਦਾ ਹੈ।ਉਸਨੇ ਇਸ ਸਬੰਧੀ ਕਈ ਵਾਰ ਗੱਲਬਾਤ ਕੀਤੀ ਹੈ।

**ਮਹਾਰਾਜਾ ਰਣਜੀਤ ਸਿੰਘ:** ਫਕੀਰ ਅਜੀਜੂਉਦੀਨ ਜੀ ਅਫਗਾਨਾ ਸਬੰਧੀ ਕਿਸੇ ਵੀ ਨਿਰਣੇ ਤੇ ਪਹੁੰਚਣ ਤੋਂ ਪਹਿਲਾਂ ਸਾਰੇ ਪੱਖਾਂ ਨੂੰ ਵਿਚਾਰ ਲਿਆ ਜਾਵੇ ਤੇ ਅੰਗਰੇਜਾਂ ਦੀ ਹਰ ਗਤੀਵਿਧੀ ਤੇ ਪੂਰੀ ਨਜਰ ਰੱਖੀ ਜਾਵੇ। ਡਿਉੜੀਵਾਲਾ ਮੰਤਰੀ ਖੁਸ਼ਹਾਲ ਸਿੰਘ ਜੀ ਮਹਿਲਾਂ ਵਿੱਚ ਅੱਜ ਦਾ ਕੀ ਪ੍ਰੋਗਰਾਮ ਹੈ।

**ਖੁਸ਼ਹਾਲ ਸਿੰਘ:** ਮਹਾਰਾਜ, ਅੱਜ ਕੁਝ ਵਿਅਕਤੀਆਂ ਨਾਲ **ਖ਼ਾਸ** ਮੁਲਾਕਾਤ ਰੱਖੀ ਗਈ ਹੈ ਜੋ ਕਾਫੀ ਸਮੇਂ ਤੋਂ ਆਪ ਜੀ ਦੀ ਉਡੀਕ ਕਰ ਰਹੇ ਹਨ।

**ਮਹਾਰਾਜਾ ਰਣਜੀਤ ਸਿੰਘ:** ਠੀਕ ਹੈ ਜੀ, ਸਾਰੀ ਸਰਕਾਰ- ਏ- ਖਾਲਸਾ ਬਹੁਤ ਵਧੀਆ ਕੰਮ ਕਰ ਰਹੀ ਹੈ। ਹਰ ਕੰਮ ਵਿੱਚ ਪਰਜਾ ਦੇ ਹਿੱਤਾਂ ਦਾ ਖਿਆਲ ਜਰੂਰ ਰੱਖਿਆ ਜਾਵੇ।ਹੁਣ ਅੱਜ ਦੀ ਇਹ ਸਭਾ ਇੱਥੇ ਹੀ ਸਮਾਪਤ **ਹੁੰਦੀ** ਹੈ।

**ਪ੍ਰੋਜੈਕਟ ਵਰਕ**


**ਅਧਿਆਪਕ ਵਿਦਿਆਰਥੀਆਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਮੰਤਰੀਆਂ ਦੇ ਨਾਮ ਅਤੇ ਉਨ੍ਹਾਂ ਦੇ ਵਿਭਾਗਾਂ ਸੰਬੰਧੀ ਚਾਰਟ ਬਣਾਉਣ ਲਈ ਕਹਿ ਸਕਦਾ ਹੈ।**

## ਪਹਿਲਾ ਅਤੇ ਦੂਜਾ ਐਂਗਲੋ - ਸਿੱਖ ਯੁੱਧ



**ਉਦੇਸ਼** - ਇਸ ਮਾਡਿਊਲ ਵਿੱਚ ਪਾਠ ਨੂੰ ਰੋਚਕ ਬਣਾਉਣ ਲਈ ਟਾਈਮ ਲਾਈਨ ਅਤੇ ਗੂਗਲ ਮੈਪ ਤਕਨੀਕ ਰਾਹੀਂ ਵਿਸ਼ੇ ਨੂੰ ਸਮਝਾਇਆ ਗਿਆ ਹੈ, ਜਿਸ ਨਾਲ ਵਿਦਿਆਰਥੀ ਰੱਟਾ ਮਾਰਨ ਦੀ ਬਜਾਏ ਤੱਥਾਂ ਤੇ ਵਿਸ਼ਾ ਵਸਤੂ ਨੂੰ ਚੰਗੀ ਤਰ੍ਹਾਂ ਅਤੇ ਆਸਾਨੀ ਨਾਲ ਸਮਝ ਸਕੇਗਾ। ਉਸ ਨੂੰ ਪਤਾ ਲੱਗੇਗਾ ਕਿ ਐਨੇ ਵੱਡੇ ਸਿੱਖ ਰਾਜ ਦਾ ਅੰਤ ਆਪਣਿਆਂ ਦੀ ਗੱਦਾਰੀ ਤੋਂ ਬਿਨਾਂ ਕਦੇ ਵੀ ਸੰਭਵ ਨਹੀਂ ਹੋ ਸਕਦਾ ਸੀ।


## ਪਹਿਲਾ ਅਤੇ ਦੂਜਾ ਐਂਗਲੋ ਸਿੱਖ ਯੁੱਧ – ਟਾਈਮ ਲਾਈਨ






ਇਨ੍ਹਾਂ ਟਾਈਮ ਲਾਈਨਾਂ ਰਾਹੀਂ ਵਿਦਿਆਰਥੀਆਂ ਨੂੰ ਅੰਗਰੇਜ਼ਾਂ ਅਤੇ ਸਿੱਖਾਂ ਦੇ ਪਹਿਲੇ ਅਤੇ ਦੂਜੇ ਯੁੱਧ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਟਾਈਮ ਲਾਈਨ ਨੂੰ ਪ੍ਰਾਜੈਕਟਰ / ਐਲ.ਸੀ.ਡੀ. / ਟੀ.ਵੀ. ਜਾਂ ਫਲੈਕਸ ਦੀ ਮਦਦ ਨਾਲ ਦਿਖਾਇਆ ਜਾ ਸਕਦਾ ਹੈ ਜਾਂ ਫਿਰ ਅਧਿਆਪਕ ਦੁਆਰਾ ਬਲੈਕ/ਗਰੀਨ/ਵਾਈਟ ਬੋਰਡ ਉੱਪਰ ਡਰਾਅ ਕੀਤਾ ਜਾ ਸਕਦਾ ਹੈ।

## ਪਹਿਲਾ ਅਤੇ ਦੂਜਾ ਐਂਗਲੋ ਸਿੱਖ ਯੁੱਧ – ਗੂਗਲ ਮੈਪ






ਇਨ੍ਹਾਂ ਗੂਗਲ ਮੈਪ ਰਾਹੀਂ ਵਿਦਿਆਰਥੀਆਂ ਨੂੰ ਅੰਗਰੇਜ਼ਾਂ ਅਤੇ ਸਿੱਖਾਂ ਦੇ ਪਹਿਲੇ ਅਤੇ ਦੂਜੇ ਯੁੱਧ ਦੇ ਸਥਾਨਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਨੂੰ ਪ੍ਰਾਜੈਕਟਰ / ਐਲ.ਸੀ.ਡੀ. / ਟੀ.ਵੀ. ਜਾਂ ਫਲੈਕਸ ਦੀ ਮਦਦ ਨਾਲ ਦਿਖਾਇਆ ਜਾ ਸਕਦਾ ਹੈ ਜਾਂ ਫਿਰ ਅਧਿਆਪਕ ਦੁਆਰਾ ਬਲੈਕ/ਗਰੀਨ/ਵਾਈਟ ਬੋਰਡ ਉੱਪਰ ਡਰਾਅ ਕੀਤਾ ਜਾ ਸਕਦਾ ਹੈ।

ਪੜ੍ਹਾਉਣ ਦੀ ਵਿਧੀ- ਅਧਿਆਪਕ ਉਪਰੋਕਤ ਟਾਈਮ ਲਾਈਨ ਅਤੇ ਗੂਗਲ ਮੈਪ ਦੀ ਸਹਾਇਤਾ ਨਾਲ ਇੱਕ-2 ਕਰਕੇ ਪਹਿਲੇ ਅਤੇ ਦੂਜੇ ਐਂਗਲੋ:ਸਿੱਖ ਯੁੱਧ ਨਾਲ ਸੰਬੰਧਤ ਹੇਠ ਲਿਖੀ ਜਾਣਕਾਰੀ ਬਲੈਕ ਬੋਰਡ ਉੱਪਰ ਸਾਂਝੀ ਕਰੇਗਾ-

ਮੁਲਾਂਕਣ - ਵਿਦਿਆਰਥੀਆਂ ਕੋਲੋਂ ਵਿਸ਼ੇ ਨਾਲ ਸੰਬੰਧਤ ਪ੍ਰਸ਼ਨ ਪੁੱਛੇ ਜਾ ਸਕਦੇ ਹਨ।

ਪ੍ਰਾਜੈਕਟ– ਵਿਦਿਆਰਥੀਆਂ ਨੂੰ ਪਹਿਲੇ ਅਤੇ ਦੂਜੇ ਐਂਗਲੋਸਿੱਖ ਨਾਲ ਸੰਬੰਧਤ ਪ੍ਰਾਜੈਕਟ ਫਾਈਲ ਤਿਆਰ ਕਰਨ ਲਈ ਕਿਹਾ ਜਾ - ਸਕਦਾ ਹੈ। ਇਸ ਮੰਤਵ ਲਈ ਉਹ ਆਪਣੇ ਸਕੂਲ ਦੀ ਕੰਪਿਊਟਰ ਲੈਬ ਅਤੇ ਇੰਟਰਨੈੱਟ ਦੀ ਵਰਤੋਂ ਕਰ ਸਕਦੇ ਹਨ ਜਿਸ ਦੌਰਾਨ ਅਧਿਆਪਕ ਉਨ੍ਹਾਂ ਦਾ ਮਾਰਗ ਦਰਸ਼ਨ ਕਰੇਗਾ।

ਸੁਝਾਅ- ਦੇ ਗਰੁੱਪ ਬਣਾ ਕੇ ਇਸ ਵਿਸ਼ੇ ਉਪੱਰ ਚਰਚਾ ਕੀਤੀ ਜਾ ਸਕਦੀ ਹੈ ਅਧਿਆਪਕ ਵਰਗ ਨੂੰ ਸੁਝਾਅ ਹੈ ਕਿ ਵਿਦਿਆਰਥੀਆਂ ਜਾਂ ਫਿਰ ਵਿਦਿਆਰਥੀਆਂ ਨੂੰ ਗੂਗਲ ਮੈਪ ਤੋਂ ਸੰਬੰਧਤ ਥਾਵਾਂ ਡਾਊਨਲੋਡ ਕਰਨ ਲਈ ਕਿਹਾ ਜਾ ਸਕਦਾ ਹੈ।

## ਸਿੰਧੂ ਘਾਟੀ ਦੀ ਸੱਭਿਅਤਾ

**ਉਪ -ਵਿਸ਼ਾ ਸੁਰੂ ਕਰਨ ਤੋਂ ਪਹਿਲਾਂ ਅਧਿਆਪਕ ਵਿਦਿਆਰਥੀਆਂ ਨੂੰ ਪੁੱਛੇਗਾ ਕਿ ਭਾਰਤ ਦੀ ਸਭ ਤੋਂ ਪ੍ਰਾਚੀਨ ਸੱਭਿਅਤਾ ਦਾ ਕੀ ਨਾਮ ਹੈ ?ਜੇਕਰ ਪਤਾ ਹੋਵੇ ਤਾਂ ਠੀਕ ਹੈ ਨਹੀ ਤਾਂ ਅਧਿਆਪਕ ਆਪ ਹੀ ਦੱਸੇਗਾ ਕਿ ਸਿੰਧ ਘਾਟੀ ਸੱਭਿਅਤਾ ਭਾਰਤ ਦੀ ਸਭ ਤੋਂ ਪ੍ਰਾਚੀਨ ਸੱਭਿਅਤਾ ਸੀ। ਇਸ ਸੱਭਿਅਤਾ ਨਾਲ ਸੰਬੰਧਿਤ ਸਥਾਨ ਪਹਿਲਾਂ ਸਿੰਧ ਅਤੇ ਉਸਦੀਆਂ ਸਹਾਇਕ ਨਦੀਆਂ ਦੇ ਕਿਨਾਰੇ ਮਿਲੇ ਸਨ,ਇਸ ਕਰਕੇ ਇਸ ਸੱਭਿਅਤਾ ਨੂੰ ਸਿੰਧ ਘਾਟੀ ਸੱਭਿਅਤਾ ਕਿਹਾ ਜਾਂਦਾ ਹੈ।**

### ਅਧਿਆਪਕ ਸਪਸ਼ਟ ਕਰੇਗਾ

- ਇਸ ਸੱਭਿਅਤਾ ਸੰਬੰਧੀ ਸਭ ਤੋਂ ਪਹਿਲਾਂ ਜਾਣਕਾਰੀ 1921 ਈ.ਵਿੱਚ ਹੜੱਪਾ ਦੇ ਸਥਾਨ ਤੋਂ ਮਿਲੀ ਸੀ ਇਸ ਕਰਕੇ ਇਸ ਸੱਭਿਅਤਾ ਨੂੰ ਹੜੱਪਾ ਸੱਭਿਅਤਾ ਵੀ ਕਿਹਾ ਜਾਂਦਾ ਹੈ।
- ਇਸ ਸੱਭਿਅਤਾ ਦੇ ਲੋਕ ਕਾਂਸੀ **ਦੀ ਵਰਤੋਂ ਕਰਦੇ ਸਨ।** ਇਸ **ਕਰਕੇ ਇਸ** ਸੱਭਿਅਤਾ ਨੂੰ ਕਾਂਸੀ ਯੁੱਗ ਦੀ ਸੱਭਿਅਤਾ ਵੀ ਕਿਹਾ ਜਾਂਦਾ ਹੈ।
- ਇਹ ਸੱਭਿਅਤਾ ਮਿਸਰ,ਸੁਮੇਰੀਅਨ,ਬੇਬੀਲੀਅਨ ਤੇ ਮੈਸੋਪੋਟਾਮੀਆ ਸੱਭਿਅਤਾਵਾਂ ਦੀ ਸਮਕਾਲੀ ਸੀ।

### ਸਿੰਧੂ ਸੱਭਿਅਤਾ ਦਾ ਕਾਲ

ਜਾਨ ਮਾਰਸ਼ਲ: 4000–2500 ਈ:ਪੂ:

**ਵੀਲ੍ਹਰ**: 2800–1500 ਈ:ਪੂ:

ਵੀ.ਏ.ਸਿਮਥ: 2500–1500 ਈ:ਪੂ:


ਆਰ.ਕੇ.ਮੁਖਰਜੀ: 3250–2750 ਈ:ਪੂ:

ਰੇਡਿਓ ਕਾਰਬਨ ਵਿਧੀ: 2800–2200 ਈ:ਪੂ:

ਹੇਠ ਦਿੱਤੇ ਚਾਰਟ ਦੀ ਮੱਦਦ ਨਾਲ ਇਸ ਸੱਭਿਅਤਾ ਨਾਲ ਸਬੰਧਿਤ ਵਿਭਿੰਨ ਸਥਾਨਾਂ ਅਤੇ ਖੋਜਕਾਰਾਂ ਬਾਰੇ ਪੜ੍ਹਾਇਆ ਜਾਵੇਗਾ ਅਤੇ ਨਕਸ਼ੇ ਦੀ ਮਦਦ ਨਾਲ ਮੁੱਖ ਸਥਾਨਾਂ ਦੀ ਸਥਿਤੀ ਦੱਸੀ ਜਾਵੇਗੀ।

| ਸਥਾਨ | ਖੋਜ ਕਰਨ ਵਾਲੇ ਅਧਿਕਾਰੀ ਦਾ ਨਾਮ | ਖੋਜ ਦਾ ਸਾਲ | ਸਥਾਨ ਦੀ ਸਥਿਤੀ | ਸਥਾਨ ਦੀ ਵਿਸ਼ੇਸ਼ਤਾ |
|---|---|---|---|---|
| **ਹੜੱਪਾ** | ਦਯਾ ਰਾਮ ਸਾਹਨੀ | 1921 ਈ: | ਪਾਕਿਸਤਾਨ ਦੇ ਜਿਲ੍ਹਾ ਮਿੰਟਗੁਮਰੀ ਵਿੱਚ ਰਾਵੀ ਦਰਿਆ ਦੇ ਕੰਢੇ ਤੇ ਸਥਿੱਤ ਹੈ। | ਇੱਥੋ ਇੱਕ ਵਿਸ਼ਾਲ ਗੋਦਾਮ ਘਰ ਮਿਲਿਆ ਹੈ,ਦੁਸ਼ਮਣਾ ਤੋਂ ਸੁਰੱਖਿਆ ਲਈ ਇਸ ਦੇ ਚਾਰੇ ਪਾਸੇ ਇਕ ਵਿਸ਼ਾਲ ਦੀਵਾਰ ਬਣਾਈ ਗਈ ਸੀ। |
| **ਮੋਹਨਜੋਦੜੋ** | ਰਾਖਲ ਦਾਸ ਬੈਨਰਜੀ | 1922 ਈ: | ਪਾਕਿਸਤਾਨ ਦੇ ਲਰਕਾਨਾ ਜਿਲ੍ਹੇ ਵਿੱਚ ਸਿੰਧ ਦਰਿਆ ਦੇ ਕੰਢੇ ਤੇ ਸਥਿਤ ਹੈ। | ਮੋਹਨਜੋਦੜ ਦਾ ਅਰਥ ਹੈ 'ਮੁਰਦਿਆਂ ਦਾ ਟਿੱਲਾ'।ਇਸ ਨਗਰ ਵਿੱਚੋਂ ਵਿਸ਼ਾਲ ਇਸ਼ਨਾਨਘਰ, ਗੋਦਾਮਘਰ, ਕਾਂਸੀ ਦੀ ਨਰਤਕੀ ਦੀ ਮੂਰਤੀ ਅਤੇ ਵੱਡੀ ਗਿਣਤੀ ਵਿੱਚ ਮੁਹਰਾਂ ਪ੍ਰਾਪਤ ਹੋਈਆਂ ਹਨ । |
| **ਕਾਲੀਬੰਗਾਂ** | ਏ.ਘੋਸ਼ | 1953 ਈ: | ਰਾਜਸਥਾਨ ਦੇ ਜਿਲ੍ਹਾ ਹਨੂੰਮਾਨਗੜ੍ਹ ਵਿੱਚ ਸਥਿੱਤ ਹੈ | ਇਹ ਵੰਗਾਂ ਬਣਾਉਣ ਲਈ ਪ੍ਰਸਿੱਧ ਸੀ। ਇੱਥੋਂ ਅਗਨੀ ਕੁੰਡ ਮਿਲੇ ਹਨ, ਤੇ ਇੱਥੋਂ ਦੇ ਖੇਤਾਂ ਵਿੱਚ ਹਲ ਜੋਤਨ ਦੇ ਚਿੰਨ੍ਹ ਮਿਲੇ ਹਨ। |
| **ਲੋਥਲ** | ਐਸ.ਆਰ.ਰਾਓ | 1957 ਈ: | ਗੁਜਰਾਤ ਪ੍ਰਾਂਤ ਦੇ ਜਿਲ੍ਹਾ ਅਹਿਮਦਾਬਾਦ ਵਿੱਚ ਸਥਿਤ ਹੈ। | ਇਹ ਨਗਰ ਬੰਦਰਗਾਹ ਕਾਰਨ ਪ੍ਰਸਿੱਧ ਸੀ।ਜਿੱਥੋ ਅਰਬ ਸਾਗਰ ਰਾਹੀ ਵਿਦੇਸੀ ਵਪਾਰ ਹੁੰਦਾ ਸੀ।ਇੱਥੋਂ ਇੱਕ ਮਣਕੇ ਬਣਾਉਣ ਦਾ ਕਾਰਖਾਨਾ ਵੀ ਮਿਲਿਆ ਹੈ। |
| **ਚੰਨਹੁਦੜੋ** | ਐਨ.ਜੀ.ਮਜੂਮਦਾਰ | 1931 ਈ: | ਇਹ ਸਿੰਧ ਪ੍ਰਾਂਤ ਵਿੱਚ ਮੋਹਨਜੋਦੜੋ ਦੇ ਦੱਖਣ ਵਿੱਚ ਸਥਿਤ ਹੈ। | ਇਹ ਨਗਰ ਮਣਕੇ ਬਣਾਉਣ ਲਈ ਪ੍ਰਸਿੱਧ ਸੀ। |
| **ਸੁਤਕਾਂਗੇਡੋਰ** | ਔਰਲ ਸਟਾਇਨ | 1931 ਈ: | ਬਲੋਚਿਸਤਾਨ ਵਿਚ ਅਰਬ ਸਾਗਰ ਦੇ ਤੱਟ ਤੇ ਸਥਿਤ ਹੈ। | ਇੱਥੋ ਇੱਕ ਕਿਲ੍ਹਾ ਮਿਲਿਆ ਹੈ ਜਿਸ ਦੇ ਚਾਰੇ ਪਾਸੇ ਸੁਰੱਖਿਅਤ ਕੰਧ ਬਣੀ ਹੋਈ ਹੈ।ਇੱਥੇ ਇੱਕ ਬੰਦਰਗਾਹ ਵੀ ਮਿਲੀ ਹੈ। |


ਹੋਰ ਕੇਂਦਰ:-ਉਪਰੋਕਤ ਕੇਂਦਰਾਂ ਤੋਂ ਇਲਾਵਾ ਸੰਘੋਲ, ਆਲਮਗੀਰਪੁਰ, ਬਨਾਵਲੀ, ਕੋਟਲਾ ਨਿਹੰਗ ਖਾਂ, ਕੋਟ ਦੀਜੀ, ਅਮਰੀ, ਰੰਗਪੁਰ, ਮਿਤਾਥਲ, ਅਲੀ ਮੁਰਾਦ ਅਤੇ ਹੋਰ ਬਹੁਤ ਸਾਰੇ ਕੇਂਦਰ ਮਿਲੇ ਹਨ ਜੋ ਭਾਰਤ ਅਤੇ ਪਾਕਿਸਤਾਨ ਵਿੱਚ ਸਥਿਤ ਹਨ।






**ਸਿੰਧ ਘਾਟੀ ਸੱਭਿਅਤਾ ਨਾਲ ਸੰਬੰਧਤ ਤਸਵੀਰਾਂ**

**ਵਿਸ਼ੇਸਤਾਵਾਂ**: ਇਸ ਤੋਂ ਬਾਅਦ ਇਸ ਸੱਭਿਅਤਾ ਦੀਆਂ ਵਿਸ਼ੇਸਤਾਵਾਂ ਬਾਰੇ ਚਾਰਟ ਦੀ ਮੱਦਦ ਨਾਲ ਪੜ੍ਹਾਇਆ ਜਾਵੇਗਾ ਜਿਸ ਵਿੱਚ ਇਸ ਸੱਭਿਅਤਾ ਦੀ ਨਗਰ ਯੋਜਨਾ, ਸਮਾਜਿਕ ਜੀਵਨ, ਧਾਰਮਿਕ ਜੀਵਨ, ਆਰਥਿਕ ਜੀਵਨ, ਰਾਜਨੀਤਿਕ ਜੀਵਨ, ਕਲਾ ਅਤੇ ਤਕਨੀਕ ਦੇ ਪੱਖਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਲੋੜ ਅਨੁਸਾਰ ਸਿੰਧ ਘਾਟੀ ਸੱਭਿਅਤਾ ਦੀਆਂ ਤਸਵੀਰਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ।




**ਵਿਸਥਾਰ**: ਅਧਿਆਪਕ ਵਿਦਿਆਰਥੀਆਂ ਨੂੰ




ਦੱਸੇਗਾ ਕਿ ਉੱਤਰ ਵਿੱਚ ਮਾਂਡਾ (ਜੰਮੂ ਕਸ਼ਮੀਰ) ਤੋਂ ਦੱਖਣ ਵਿਚੱ ਦਾਇਮਾਬਾਦ (ਮਹਾਂਰਾਸ਼ਟਰ) ਅਤੇ ਪੂਰਬ ਵਿੱਚ ਆਲਮਗੀਰਪੁਰ (ਉੱਤਰ ਪ੍ਰਦੇਸ਼) ਤੋਂ ਲੈ ਕੇ ਪੱਛਮ ਵਿੱਚ ਸੁਤਕਾਂਗੇਡੋਰ (ਬਲੋਚਿਸਤਾਨ) ਤੱਕ ਇਸ ਸੱਭਿਅਤਾ ਦਾ ਵਿਸਥਾਰ ਸੀ। ਸੱਭਿਅਤਾ ਦੇ ਵਿਸਥਾਰ ਨੂੰ ਨਕਸ਼ੇ ਅਤੇ ਗੂਗਲ ਮੈਪ ਦੀ ਮੱਦਦ ਨਾਲ ਅਸਾਨੀ ਨਾਲ ਸਮਝਾਇਆ ਜਾ ਸਕਦਾ ਹੈ।

**ਪਤਨ**: ਵੱਖ ਵੱਖ ਵਿਦਵਾਨਾਂ ਨੇ ਸਿੰਧੂ ਸੱਭਿਅਤਾ ਦੇ ਪਤਨ ਸਬੰਧੀ ਵੱਖ-ਵੱਖ ਸਿਧਾਂਤ ਪੇਸ਼ ਕੀਤੇ ਹਨ। ਜਮਾਤ ਵਿੱਚ ਵਾਦ ਵਿਵਾਦ ਵਿਧੀ ਦੁਆਰਾ ਸਿੰਧੂ ਸੱਭਿਅਤਾ ਦੇ ਪਤਨ ਸਬੰਧੀ ਸਿਧਾਂਤਾ ਨੂੰ ਪੜਾਇਆ ਜਾ ਸਕਦਾ ਹੈ ਅਤੇ ਪਤਨ ਸਬੰਧੀ ਸਰਬ ਪ੍ਰਵਾਨਿਤ ਸਿਧਾਂਤ ਪੇਸ਼ ਕੀਤਾ ਜਾ ਸਕਦਾ ਹੈ।

**ਸਿੰਧੂ ਸੱਭਿਅਤਾ ਦੇ ਪਤਨ ਸਬੰਧੀ ਵਿਚਾਰ**:

ਆਰੀਆ ਲੋਕਾਂ ਨੇ ਨਸ਼ਟ ਕੀਤੀ: ਵੀਲ੍ਹਰ

ਹੜ੍ਹਾਂ ਦੁਆਰਾ ਵਿਨਾਸ਼:ਜਾਨ ਮਾਰਸ਼ਲ ਅਤੇ ਮੈਕੇ

ਜਲਵਾਯ ਪਰਿਵਰਤਨ ਕਾਰਨ ਪਤਨ: ਅਮਲਾਨੰਦ ਘੋਸ਼

**ਪ੍ਰਾਜੈਕਟ ਵਰਕ**

- ❖ ਅਧਿਆਪਕ ਵਿਦਿਆਰਥੀਆਂ ਨੂੰ ਸਿੰਧੂ ਸੱਭਿਅਤਾ ਦੀ ਲਿਪੀ ਦੇ ਚਿੰਨ੍ਹਾਂ ਦਾ ਚਾਰਟ ਤਿਆਰ ਕਰਨ ਲਈ ਕਹਿ ਸਕਦਾ ਹੈ।
- ❖ ਸਿੰਧੂ ਸੱਭਿਅਤਾ ਨਾਲ ਸਬੰਧਿਤ ਭਾਰਤੀ ਪੰਜਾਬ ਵਿੱਚ ਸਥਿਤ ਕੇਂਦਰਾਂ ਦੀ ਸੂਚੀ ਬਣਾਉਣ ਲਈ ਕਹਿ ਸਕਦਾ ਹੈ।
- ❖ ਵਿਦਿਆਰਥੀਆਂ ਨੂੰ ਸਿੰਧੂ ਸੱਭਿਅਤਾ ਨਾਲ ਸਬੰਧਿਤ ਭਾਰਤੀ ਪੰਜਾਬ ਵਿੱਚ ਸਥਿਤ ਕੇਂਦਰਾਂ ਦੀ ਯਾਤਰਾ ਕਰਵਾਈ ਜਾ ਸਕਦੀ ਹੈ।

**ਸੁਝਾਅ**

- ❖ ਅਧਿਆਪਕ ਗੂਗਲ **ਮੈਪ** ਦੀ ਸਹਾਇਤਾ ਨਾਲ ਸਿੰਧ ਘਾਟੀ ਸੱਭਿਅਤਾ ਦੇ ਸਥਾਨਾਂ ਨੂੰ ਕਲਾਸ ਵਿੱਚ ਦਿਖਾ ਸਕਦਾ ਹੈ।

# ਭਾਰਤੀ ਆਰੀਆ

ਇਸ ਪਾਠ ਨੂੰ ਅਧਿਆਪਕ ਚਾਰਟ, ਮਾਡਲ ਅਤੇ ਨਕਸ਼ੇ ਦੀ ਵਰਤੋਂ ਕਰਕੇ ਕਹਾਣੀ ਸੁਣਾਉਣ ਅਤੇ ਪ੍ਰਸ਼ਨ-ਉੱਤਰ ਵਿਧੀ ਦੁਆਰਾ ਪੜ੍ਹਾ ਸਕਦਾ ਹੈ। ਸਭ ਤੋਂ ਪਹਿਲਾਂ ਅਧਿਆਪਕ ਵਿਦਿਆਰਥੀਆਂ ਨੂੰ ਸਿੰਧੂ ਸੱਭਿਅਤਾ ਦੇ ਪਤਨ ਤੋਂ ਬਾਅਦ ਵਿਕਸਤ ਹੋਈ ਆਰੀਆ ਸੱਭਿਅਤਾ ਦੇ ਨਿਰਮਾਤਾਵਾਂ ਬਾਰੇ ਜਾਣਕਾਰੀ ਦੇਣ ਲਈ ਇਸ ਪ੍ਰਸ਼ਨ ਦਾ ਉੱਤਰ ਦੇਵੇਗਾ ਕਿ "ਆਰੀਆ ਕੌਣ ਸਨ?"

*"ਆਰੀਆ ਸ਼੍ਰੇਸ਼ਠ ਅਤੇ ਸੱਭਿਅਕ ਜਾਤੀ ਦੇ ਲੋਕ ਸਨ ਜਿੰਨਾ ਦਾ ਰੰਗ ਗੋਰਾ,ਕੱਦ ਲੰਮਾ,ਨੱਕ ਤਿੱਖਾ ਅਤੇ ਸਰੀਰ ਤਾਕਤਵਰ ਸੀ। ਇਹਨਾ ਦਾ ਪ੍ਰਮੁੱਖ ਕਿੱਤਾ ਪਸ਼ੂ ਪਾਲਣ ਅਤੇ ਖੇਤੀਬਾੜੀ ਸੀ।"* ਇਹਨਾਂ ਦੇ ਮੂਲ ਨਿਵਾਸ ਸਬੰਧੀ ਵਿਦਵਾਨਾਂ ਦੇ ਵਿਚਾਰ ਵੱਖ-ਵੱਖ ਹਨ।

**ਆਰੀਆ ਲੋਕਾਂ ਦੇ ਮੂਲ ਨਿਵਾਸ ਸਬੰਧੀ ਸਿਧਾਂਤ**

ਮੱਧ ਏਸ਼ੀਆਂ ਦਾ ਸਿਧਾਂਤ : ਮੈਕਸਮੂਲਰ

ਯੂਰਪੀਅਨ ਸਿਧਾਂਤ: ਵਿਲੀਅਮ ਜੋਨਸ

ਭਾਰਤੀ ਸਿਧਾਂਤ : ਅਵਿਨਾਸ਼ ਚੰਦਰ

ਤਿੱਬਤੀ ਸਿਧਾਂਤ: ਸਵਾਮੀ ਦਯਾਨੰਦ ਸਰਸਵਤੀ

ਆਰਕਟਿਕ ਸਿਧਾਂਤ: ਬਾਲ ਗੰਗਾਧਰ ਤਿਲਕ

**ਆਰੀਆਂ ਲੋਕਾਂ ਦੀ ਸੱਭਿਅਤਾ ਅਤੇ ਸੰਸਕ੍ਰਿਤੀ ਦੇ ਅਧਿਐਨ ਦਾ ਅਧਾਰ ਵੇਦ ਹਨ, ਜਿੰਨਾਂ ਦੀ ਸੰਖਿਆ ਚਾਰ ਹੈ: ਰਿਗਵੇਦ, ਯਜੁਰਵੇਦ, ਸਾਮਵੇਦ ਅਤੇ ਅਥਰਟਵਵੇਦ।**

**ਵੇਦਾਂ ਤੋਂ ਬਿਨਾਂ ਬ੍ਰਾਹਮਣ ਗ੍ਰੰਥ ,ਉਪਨਿਸ਼ਦਾਂ ਅਤੇ ਆਰਣਯਕ,ਵੇਦਾਂਗ,ਪੁਰਾਣ,ਮਹਾਂਕਾਵਿ ਆਦਿ ਵੈਦਿਕ ਕਾਲ ਦੀ ਜਾਣਕਾਰੀ ਦਾ ਮਹੱਤਵਪੂਰਣ ਸ੍ਰੋਤ ਹਨ।**

ਅਧਿਆਪਕ ਦੱਸੇਗਾ ਕਿ ਵੈਦਿਕ ਕਾਲ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ:- (ੳ) ਰਿਗਵੈਦਿਕ ਜਾਂ ਪੂਰਵ ਵੈਦਿਕ ਕਾਲ : ਉਹ ਕਾਲ ਜਿਸ ਵਿੱਚ ਰਿਗਵੇਦ ਦੀ ਰਚਨਾ ਹੋਈ ਸੀ।(ਅ) ਵੈਦਿਕ ਜਾਂ ਉੱਤਰ ਵੈਦਿਕ ਕਾਲ: ਉਹ ਕਾਲ ਜਿਸ ਵਿੱਚ ਯਜੁਰਵੇਦ,ਸਾਮਵੇਦ ਅਤੇ ਅਥਰਵਵੇਦ ਤੇ ਬ੍ਰਾਹਮਣ ਗ੍ਰੰਥ ,ਉਪਨਿਸ਼ਦਾਂ ਅਤੇ ਆਰਣਯਕ, ਸੂਤਰਾਂ,ਵੇਦਾਂਗ,ਪੁਰਾਣਾਂ ਧਰਮ ਸ਼ਾਸਤਰਾਂ ਮਹਾਂਕਾਵਿ ਆਦਿ ਦੀ ਰਚਨਾ ਹੋਈ ਸੀ।

ਹੇਠ ਲਿਖੇ ਚਾਰਟ ਦੀ ਸਹਾਇਤਾ ਨਾਲ **ਅਧਿਆਪਕ ਵੇਦਾਂ ਸਬੰਧੀ ਜਾਣਕਾਰੀ ਦੇਵੇਗਾ:-**

**ਰਿਗਵੇਦ:** ਇਹ ਸੰਸਾਰ ਦਾ ਸਭ ਤੋਂ ਪੁਰਾਣਾ ਗ੍ਰੰਥ ਹੈ। ਡਾ. ਮੁਖਰਜੀ ਅਨੁਸਾਰ ਇਸਦਾ ਰਚਨਾ ਕਾਲ 2500 ਈ:ਪੂ: ਦੇ ਲੱਗਭਗ ਹੈ। ਇਸ 10 ਮੰਡਲਾਂ ਵਿੱਚ 10552 ਮੰਤਰ ਤੇ 1028 ਸੂਕਤ ਹਨ।

**ਸਾਮਵੇਦ:** ਇਸ ਵਿੱਚ ਉਹ ਮੰਤਰ ਹਨ ਜੋ ਯੱਗ ਕਰਨ ਸਮੇਂ ਪੁਰੋਹਿਤਾਂ ਵੱਲੋਂ ਗਾਏ ਜਾਂਦੇ ਸਨ।

**ਯਜੁਰਵੇਦ:** ਇਸ ਵਿੱਚ ਯੱਗ ਕਰਨ ਦੀਆਂ ਵਿਧੀਆਂ ਦਾ ਵਰਨਣ ਹੈ।

**ਅਥਰਵਵੇਦ:** ਇਸ ਵਿੱਚ ਜਾਦੂ ਟੂਣੇ, ਰਾਖਸ਼ਾਂ ਨੂੰ ਵਸ ਵਿੱਚ ਕਰਨ, ਬਿਮਾਰੀਆਂ ਨੂੰ ਦੂਰ ਕਰਨ ਆਦਿ ਬਾਰੇ ਮੰਤਰ ਹਨ।

ਵੈਦਿਕ ਕਾਲੀਨ ਸਮਾਜਿਕ ਜੀਵਨ:ਆਧੁਨਿਕ ਸਮਾਜਿਕ ਜੀਵਨ ਵਿੱਚੋਂ ਉਦਾਹਰਣਾਂ ਦੇ ਕੇ ਇਸ ਭਾਗ ਨੂੰ ਵਧੇਰੇ ਰੌਚਕ ਬਣਾਇਆ ਜਾ ਸਕਦਾ ਹੈ। ਵੈਦਿਕ ਕਾਲੀਨ ਪਰਿਵਾਰ ਪ੍ਰਣਾਲੀ ਸੰਯੁਕਤ ਪਰਿਵਾਰ ਪ੍ਰਣਾਲੀ ਸੀ ਜਿਸ ਵਿੱਚ ਪਰਿਵਾਰ ਦਾ ਮੁੱਖੀ ਪੁਰਸ਼ ਹੁੰਦਾ ਸੀ।ਵਰਣ ਵਿਵਸਥਾ ਵੈਦਿਕ ਸਮਾਜ ਦਾ ਅਧਾਰ ਸੀ।ਜਾਤ ਅਤੇ ਕਿੱਤੇ ਦਾ ਸਬੰਧ ਰਿਗਵੈਦਿਕ ਕਾਲ ਵਿੱਚ ਢਿੱਲਾ ਸੀ ਜੋ ਉੱਤਰ ਵੈਦਿਕ ਕਾਲ ਵਿੱਚ ਜਟਿਲ ਹੋ ਗਿਆ।ਉੱਤਰ ਵੈਦਿਕ ਕਾਲ ਵਿੱਚ ਆਸ਼ਰਮ ਵਿਵਸਥਾ ਦਾ ਉਲੇਖ ਮਿਲਦਾ ਹੈ ਜਿਸ ਅਨੁਸਾਰ ਵਿਅਕਤੀ ਦੇ ਜੀਵਨ ਨੂੰ 100 ਸਾਲ ਦਾ ਮੰਨਕੇ ਬਰਾਬਰ ਚਾਰ ਭਾਗਾਂ ਵਿੱਚ ਵੰਡਿਆ ਗਿਆ ਸੀ। ਹਰੇਕ ਆਸ਼ਰਮ (ਭਾਗ) ਲਈ ਵਿਸ਼ੇਸ ਕਰਤੱਵ ਨਿਰਧਾਰਿਤ ਕੀਤੇ ਗਏ ਸਨ।ਇਸ ਤੋਂ ਬਾਅਦ ਵੈਦਿਕ ਕਾਲੀਨ ਲੋਕਾਂ ਦੇ ਭੋਜਨ,ਪਹਿਰਾਵਾ,ਗਹਿਣੇ, ਮਨੋਰੰਜਨ ਦੇ ਸਾਧਨ, ਸਿੱਖਿਆ ਪ੍ਰਣਾਲੀ, ਔਰਤਾਂ ਦੀ ਦਸ਼ਾ ਅਤੇ ਮੁਰਦਾ ਸੰਸਕਾਰ ਦੇ ਢੰਗਾਂ ਬਾਰੇ ਦੱਸਿਆ ਜਾਵੇਗਾ।

**ਵੈਦਿਕ ਕਾਲੀਨ ਧਾਰਮਿਕ ਜੀਵਨ:** ਇਸ ਭਾਗ ਨੂੰ ਪੜ੍ਹਾਉਣ ਲਈ ਅਧਿਆਪਕ ਕਹਾਣੀ ਵਿਧੀ ਦੀ ਵਰਤੋਂ ਕਰ ਸਕਦਾ ਹੈ। ਅਧਿਆਪਕ ਦੱਸੇਗਾ ਕਿ ਰਿਗਵੈਦਿਕ ਕਾਲ ਵਿੱਚ ਕਿਹੜੇ ਦੇਵਤੇ ਮਹੱਤਵਪੂਰਣ ਸਨ।ਉੱਤਰ ਵੈਦਿਕ ਕਾਲ ਵਿੱਚ ਦੇਵਤਿਆਂ ਦੇ ਨਾਮਾਂ ਤੇ ਸਥਿਤੀ ਵਿੱਚ ਪਰਿਵਰਤਨ ਬਾਰੇ ਦੱਸਣ ਤੋਂ ਬਾਅਦ ਯੱਗ ਤੇ ਹਵਨ ਵਿਧੀ ਬਾਰੇ ਦੱਸਣਾ ਜਰੂਰੀ ਹੈ ਕਿ ਵੈਦਿਕ ਕਾਲੀਨ ਲੋਕ ਕਿਸ ਤਰ੍ਹਾਂ ਦੇਵਤਿਆਂ ਨੂੰ ਖ਼ੁਸ਼ ਕਰਦੇ ਸਨ।

## ਆਰੀਆ ਲੋਕਾਂ ਦਾ ਭੂਗੋਲਿਕ ਵਿਸਥਾਰ:

ਨਕਸ਼ੇ ਦੀ ਮੱਦਦ ਨਾਲ ਰਿਗਵੈਦਿਕ ਕਾਲ ਤੇ ਉੱਤਰ ਵੈਦਿਕ ਕਾਲ ਵਿੱਚ ਆਰੀਆ ਲੋਕਾਂ ਦੇ ਭਗੋਲਿਕ ਵਿਸਥਾਰ ਬਾਰੇ ਪੜ੍ਹਾਵੇਗਾ ।

**ਕੀ ਤੁਸੀ ਜਾਣਦੇ ਹੋ?**

*** ਰਿਗਵੇਦ ਵਿੱਚ ਸਿੰਧੂ ਤੇ ਇਸ ਦੀਆਂ ਸਹਾਇਕ ਨਦੀਆਂ, ਅਫਗਾਨਿਸਤਾਨ ਦੀਆਂ ਨਦੀਆਂ ਬਾਰੇ ਵੱਧ ਵਰਨਣ ਹੈ। ਇਸ ਤੋਂ ਪਤਾ ਚਲਦਾ ਹੈ ਕਿ ਅਰੰਭ ਵਿੱਚ ਆਰੀਆ ਪੰਜਾਬ ਦੀ ਧਰਤੀ 'ਤੇ ਨਿਵਾਸ ਕਰਦੇ ਸਨ ਤੇ ਇੱਥੇ ਹੀ ਰਿਗਵੇਦ ਦੀ ਰਚਨਾ ਹੋਈ।**


**ਵੈਦਿਕ ਕਾਲੀਨ ਆਰਥਿਕ ਜੀਵਨ**: ਇਹ ਭਾਗ ਨੂੰ ਚਾਰਟ ਦੀ ਮੱਦਦ ਨਾਲ ਰਿਗਵੈਦਿਕ ਤੇ ਉੱਤਰ ਵੈਦਿਕ ਕਾਲ ਦੇ ਆਰਥਿਕ ਜੀਵਨ ਦੀ ਤੁਲਨਾ ਕਰਕੇ ਪੜ੍ਹਾਇਆ ਜਾ ਸਕਦਾ ਹੈ ਕਿ ਕਿਸ ਤਰ੍ਹਾਂ ਰਿਗਵੈਦਿਕ ਚਰਵਾਹੇ ਉੱਤਰ ਵੈਦਿਕ ਕਾਲ ਵਿੱਚ ਕਿਸਾਨ ਬਣ ਗਏ।

**ਰਿਗਵੈਦਿਕ ਕਾਲ ਵਿੱਚ ਇੰਦਰ ਯੁੱਧ ਦਾ ਦੇਵਤਾ ਸੀ ਜੋ ਉੱਤਰ ਵੈਦਿਕ ਕਾਲ ਵਿੱਚ ਵਰਖਾ ਦਾ ਦੇਵਤਾ ਬਣ ਗਿਆ ।**

ਗਤੀਵਿਧੀਆਂ: ਅਧਿਆਪਕ ਵਿਦਿਆਰਥੀਆਂ ਨੂੰ ਰਿਗਵੈਦਿਕ ਤੇ ਉੱਤਰ ਵੈਦਿਕ ਕਾਲ ਦੇ ਰਾਜਨੀਤਿਕ ਜੀਵਨ ਦਾ ਤੁਲਨਾਤਮਕ ਅਧਿਐਨ ਕਰਵਾ ਸਕਦਾ ਹੈ।


ਅਧਿਆਪਕ ਵਿਦਿਆਰਥੀਆਂ ਨੂੰ ਰਿਗਵੈਦਿਕ ਤੇ ਉੱਤਰ ਵੈਦਿਕ ਕਾਲ ਵਿੱਚ ਔਰਤਾਂ ਦੀ ਸਥਿਤੀ ਵਿੱਚ ਆਏ ਪਰਿਵਰਤਨ ਬਾਰੇ ਲਿਖਣ ਲਈ ਕਹਿ ਸਕਦਾ ਹੈ।

ਅਧਿਆਪਕ ਵਿਦਿਆਰਥੀਆਂ ਨੂੰ ਰਿਗਵੇਦ ਵਿੱਚ ਲਿਖੇ ਨਦੀਆਂ ਦੇ ਨਾਮਾਂ ਦੀ ਸੂਚੀ ਤਿਆਰ ਕਰਨ ਲਈ ਕਹਿ ਸਕਦਾ ਹੈ।



# ਗੁਪਤ ਕਾਲ

- ਗੁਪਤ ਕਾਲ ਪੜ੍ਹਾਉਣ ਤੋਂ ਪਹਿਲਾ ਵਿਦਿਆਰਥੀਆਂ ਨੂੰ ਪਿਛਲੇ ਪਾਠ ਮੌਰੀਆ ਕਾਲ ਵਿੱਚੋਂ ਕੁੱਝ ਛੋਟੇ ਪ੍ਰਸ਼ਨ ਜ਼ਰੂਰ ਪੁੱਛੇ ਜਾਣ।
- ਵਿਦਿਆਰਥੀਆਂ ਨੂੰ ਸਮਾਂ ਸਾਰਨੀ ਬਾਰੇ ਦੱਸਦੇ ਹੋਏ ਨਕਸ਼ੇ ਦੀ ਸਹਾਇਤਾ ਨਾਲ ਚੰਦਰਗੁਪਤ ਪਹਿਲੇ ਦਾ ਰਾਜ ਅਤੇ ਸਮੁੰਦਰਗੁਪਤ ਦਾ ਰਾਜ ਅਤੇ ਚੰਦਰਗੁਪਤ ਦੂਜੇ ਦੇ ਰਾਜ ਵਿੱਚ ਕੀਤੇ ਵਾਧੇ ਬਾਰੇ ਸਮਝਾਇਆ ਜਾਵੇ।




## ਗੁਪਤ ਸਾਮਰਾਜ ਦੇ ਸਮਰਾਟ ਅਤੇ ਉਨ੍ਹਾਂ ਦਾ ਰਾਜ ਵਿਸਥਾਰ




ਸਮੁਦਰ ਗੁਪਤ ਨੂੰ ਉਨ੍ਹਾਂ ਦੀਆਂ ਜਿੱਤਾਂ ਕਾਰਨ ਭਾਰਤ ਦਾ ਨੈਪੋਲੀਅਨ ਵੀ ਕਿਹਾ ਜਾਂਦਾ ਹੈ।

- ਸ੍ਰੀ ਗੁਪਤ (240-280 ਈ) (ਗੁਪਤ ਵੰਸ਼ ਦੀ ਸਥਾਪਨਾ)
- ਘਟੋਤਕਚ (280 -320 ਈ:)
- ਚੰਦਰਗੁਪਤ ਪਹਿਲਾ (320 -335 ਈ) ਮਹਾਰਾਜਾਧਿਰਾਜ ਦੀ ਉਪਾਧੀ)
- ਸਮੁਦਰ ਗੁਪਤ (335 -375 ਈ:)
- ਰਾਮ ਗੁਪਤ ( 375 -380 ਈ:)
- ਚੰਦਰਗੁਪਤ ਦੂਜਾ (380 -414 ਈ)
- ਕੁਮਾਰਗੁਪਤ-1 (414- 455 ਈ)
- ਸੁਕੰਦਗੁਪਤ (455-467 ਈ:)
- **ਅਖੀਰਲੇ ਕਮਜੋਰ ਉੱਤਰਾਧਿਕਾਰੀ**

# ਗੁਪਤ ਕਾਲ ਪ੍ਰਾਚੀਨ ਭਾਰਤ ਦਾ ਸੁਨਹਿਰੀ ਯੁੱਗ ਕਿਉਂ?

ਗੁਪਤ ਕਾਲ ਦੇ ਸ਼ਾਸਕਾਂ ਦੇ ਸਮੇਂ ਲੋਕਾਂ ਦਾ ਸਮਾਜਿਕ ਅਤੇ ਆਰਥਿਕ ਜੀਵਨ ਬੜਾ ਖ਼ੁਸ਼ਹਾਲ ਸੀ। ਵਣਜ-ਵਪਾਰ ਆਪਣੀ ਉਨਤੀ ਦੇ ਸਿਖਰਾਂ ਤੇ ਸੀ ਅਤੇ ਉਸ ਸਮੇਂ ਹਿੰਦੂ ਧਰਮ ਨੇ ਤਰੱਕੀ ਕਰਨੀ ਸ਼ੁਰੂ ਕਰ ਦਿੱਤੀ ਸੀ।

ਗੁਪਤ ਕਾਲ ਵਿੱਚ ਸਾਹਿਤ, ਵਿਗਿਆਨ ਅਤੇ ਕਲਾ ਦੇ ਖੇਤਰ ਵਿੱਚ ਬਹੁਤ ਤਰੱਕੀ ਹੋਈ। ਕਾਲੀਦਾਸ ਦੀਆਂ ਸ਼ੰਕੁਤਲਾ ਅਤੇ ਮੇਘਦੂਤ ਵਰਗੀਆਂ ਉੱਤਮ ਪੁਸਤਕਾਂ ਕਰਕੇ ਉਸਨੂੰ ਭਾਰਤ ਦਾ ਸੇਖਸ਼ਪੀਅਰ ਵੀ ਕਿਹਾ ਜਾਂਦਾ ਹੈ। ਆਰੀਆ ਭੱਟ ਗੁਪਤ ਕਾਲ ਦਾ ਪ੍ਰਸਿੱਧ ਗਣਿਤਕਾਰ ਸੀ।



ਗੁਪਤ ਕਾਲ ਸਮੇਂ ਭਵਨ ਨਿਰਮਾਣ ਕਲਾ ਦਾ ਬਹੁਤ ਵਿਕਾਸ ਹੋਇਆ। ਉਸ ਸਮੇਂ ਸ਼ਿਵ ਮੰਦਿਰ (ਨਾਗੌਰ ਜ਼ਿਲਾ), ਵਿਸ਼ਨੂੰ ਮੰਦਿਰ (ਮੱਧ ਪ੍ਰਦੇਸ਼), ਪਾਰਵਤੀ ਮੰਦਿਰ ਵਿੱਚ ਆਪਣੀ ਸੁੰਦਰ ਕਲਾ ਦਾ ਪ੍ਰਤੱਖ ਨਮੂਨਾ ਹੈ।

ਗੁਪਤ ਕਾਲ ਵਿੱਚ ਸ਼ਿਲਪਕਲਾ ਦੇ ਖੇਤਰ ਵਿੱਚ ਸਾਰਨਾਥ ਵਿਖੇ ਮਿਲੀ ਮਹਾਤਮਾ ਬੁੱਧ ਦੀ ਮੂਰਤੀ ਸ਼ਲਾਘਾਯੋਗ ਹੈ।

ਗੁਪਤ ਕਾਲ ਦੀ ਚਿੱਤਰਕਲਾ ਅਜੰਤਾ ਅਤੇ ਬਾਘ ਦੀਆਂ ਗੁਫ਼ਾਵਾਂ ਵਿੱਚ ਵੇਖਣਯੋਗ ਹੈ।

ਗੁਪਤ ਕਾਲ ਵਿੱਚ ਸੰਗੀਤ ਕਲਾ ਦਾ ਵੀ ਕਾਫ਼ੀ ਵਿਕਾਸ ਹੋਇਆ। ਸਮੁਦਰਗੁਪਤ ਨੂੰ ਸਿੱਕਿਆ ਤੇ ਵੀਣਾ ਵਜਾਉਂਦੇ ਹੋਏ ਦਰਸਾਇਆ ' ਗਿਆ ਹੈ ਅਤੇ  ਸਮੁਦਰ ਗੁਪਤ ਨੂੰ ਭਾਰਤ ਦਾ ਨੈਪੋਲੀਅਨ ਵੀ ਕਿਹਾ ਜਾਂਦਾ ਹੈ।



ਤਕਨਾਲੋਜੀ ਦੇ ਪੱਖ ਤੋਂ ਦਿੱਲੀ ਦੇ ਨੇੜੇ ਮਹਿਰੌਲੀ ਵਿਖੇ ਖੜਾ ਲੋਹੇ ਦਾ ਥੰਮ੍ਹ ਗੁਪਤ ਕਾਲ ਦੀ ਧਾਤਕਲਾ ਦਾ ਸਭ ਤੋਂ ਵਧੀਆ ਨਮੂਨਾ ਹੈ।

ਗੁਪਤ ਸਮਰਾਟਾਂ ਸਮੇਂ ਰਾਜਨੀਤਿਕ ਏਕਤਾ, ਆਦਰਸ਼ ਸ਼ਾਸਨ, ਰਾਸ਼ਟਰੀ ਭਾਵਨਾ, ਸੰਸਕ੍ਰਿਤ ਭਾਸ਼ਾ ਦੀ ਉਨਤੀ, ਹਿੰਦੂ ਧਰਮ ਦਾ ਪੁਨਰ-ਗਠਨ, ਵਧੀਆ ਸਮਾਜਿਕ ਜੀਵਨ, ਸਿੱਖਿਆ ਵਿੱਚ ਸੁਧਾਰ ਅਤੇ ਆਰਥਿਕ ਢਾਂਚਾ ਪ੍ਰਫੁਲਿੱਤ ਹੋਣ ਕਾਰਨ ਗੁਪਤ ਕਾਲ ਨੂੰ ਪ੍ਰਾਚੀਨ ਭਾਰਤ ਦਾ ਸੁਨਹਿਰੀ ਯੁੱਗ ਕਿਹਾ ਜਾਂਦਾ ਹੈ।

**ਦੁਹਰਾਈ** — ਚੈਪਟਰ ਸਮਾਪਤ ਕਰਨ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਚੋਣਵੇ ਛੋਟੇ ਪ੍ਰਸ਼ਨ ਜਰੂਰ ਪੁੱਛੇ ਜਾਣ।

**ਸੁਝਾਅ** — ਚੈਪਟਰ ਨੂੰ ਦਿਲਚਸਪ ਬਣਾਉਣ ਲਈ ਵਿਦਿਆਰਥੀਆਂ ਨੂੰ ਵਿਸ਼ੇ ਨਾਲ ਜੋੜ ਕੇ ਇੱਕ ਜਾਂ ਦੋ ਕਹਾਣੀਆਂ ਵੀ ਸੁਣਾਈਆ ਜਾਣ।

**ਪ੍ਰੋਜੈਕਟ** — ਅਧਿਆਪਕ ਵਿਦਿਆਰਥੀਆਂ ਨੂੰ ਕਹਿ ਸਕਦਾ ਹੈ ਕਿ ਇੰਟਰਨੈੱਟ ਦੀ ਸਹਾਇਤਾ ਨਾਲ ਗੁਪਤ ਕਾਲ ਦੇ ਸਮਰਾਟਾਂ ਦੀਆਂ ਤਸਵੀਰਾਂ ਅਤੇ ਸ਼ਾਸਨ ਕਾਲ ਦਾ ਚਾਰਟ ਤਿਆਰ ਕੀਤਾ ਜਾਵੇ।

# ਦਿੱਲੀ ਸਲਤਨਤ

ਦਿੱਲੀ ਸਲਤਨਤ ਪਾਠ ਨੂੰ ਅਧਿਆਪਕ ਮਾਇੰਡ ਮੈਪ, ਚਾਰਟ ਅਤੇ ਨਕਸ਼ੇ ਦੀ ਵਰਤੋਂ ਕਰਕੇ ਪੜ੍ਹਾ ਸਕਦਾ ਹੈ। ਸਭ ਤੋਂ ਪਹਿਲਾਂ ਅਧਿਆਪਕ ਭਾਰਤ ਉੱਤੇ ਤੁਰਕਾਂ ਦੇ ਹਮਲਿਆਂ ਬਾਰੇ ਦੱਸੇਗਾ ਕਿ ਕਿਸ ਤਰ੍ਹਾਂ ਮੁਹੰਮਦ ਗੌਰੀ ਨੇ ਉੱਤਰੀ ਭਾਰਤ ਦੇ ਕਾਫੀ ਖੇਤਰ 'ਤੇ ਅਧਿਕਾਰ ਕਰਕੇ ਭਾਰਤ ਵਿੱਚ ਮੁਸਲਿਮ ਸਾਮਰਾਜ ਦੀ ਨੀਂਹ ਰੱਖੀ। ਇਸਤੋਂ ਬਾਅਦ ਅਧਿਆਪਕ ਦਿੱਲੀ ਸਲਤਨਤ ਦਾ ਅਰਥ ਦੱਸੇਗਾ।

**ਦਿੱਲੀ ਸਲਤਨਤ:1206 ਈ: ਤੋਂ 1526 ਈ: ਤੱਕ ਪੰਜ ਰਾਜਵੰਸ਼ਾਂ ( ਦਾਸ ਵੰਸ਼, ਖ਼ਿਲਜੀ ਵੰਸ਼, ਤੁਗਲਕ ਵੰਸ਼, ਸੱਯਦ ਵੰਸ਼ ਤੇ ਲੋਧੀ ਵੰਸ਼) ਦੇ ਸਾਮਰਾਜ ਦੀ ਰਾਜਧਾਨੀ ਦਿੱਲੀ ਰਹੀ, ਇਸੇ ਕਾਰਣ ਇਹਨਾਂ ਪੰਜ ਰਾਜਵੰਸ਼ਾਂ ਨੂੰ ਸੰਯੁਕਤ ਰੂਪ ਵਿੱਚ 'ਦਿੱਲੀ ਸਲਤਨਤ' ਕਿਹਾ ਜਾਂਦਾ ਹੈ।**

### ਦਿੱਲੀ ਸਲਤਨਤ ਦੇ ਰਾਜਵੰਸ਼ਾਂ ਦੇ ਸ਼ਾਸਨ ਕਾਲ ਦੀ ਸਾਰਣੀ

| ਦਾਸ ਵੰਸ਼ | ਖ਼ਲਜੀ ਵੰਸ਼ | ਤੁਗਲਕ ਵੰਸ਼ | ਸੱਯਦ ਵੰਸ਼ | ਲੋਧੀ ਵੰਸ਼ |
|---|---|---|---|---|
| 1206-1290 ਈ. | 1290-1320 ਈ. | 1320-1414 ਈ. | 1414-1450 ਈ. | 1451-1526 ਈ. |

**ਦਾਸ ਜਾਂ ਗੁਲਾਮ ਵੰਸ਼**: ਮੁਹੰਮਦ ਗੌਰੀ ਭਾਰਤ ਵਿੱਚ ਜਿੱਤੇ ਹੋਏ ਇਲਾਕੇ ਦੇ ਸ਼ਾਸਨ ਪ੍ਰਬੰਧ ਦੀ ਜਿੰਮੇਵਾਰੀ ਅਪਣੇ ਇੱਕ ਗੁਲਾਮ ਕੁਤਬਦੀਨ ਐਬਕ ਨੂੰ ਦੇ ਕੇ ਆਪ ਵਾਪਸ ਗਜਨੀ ਚਲਾ ਗਿਆ। ਮੁਹੰਮਦ ਗੌਰੀ ਦੀ ਮੌਤ ਤੋਂ ਬਾਅਦ ਕੁਤਬਦੀਨ ਐਬਕ ਨੇ ਸੁਤੰਤਰਤਾ ਦੀ ਘੋਸ਼ਣਾ ਕਰ ਦਿੱਤੀ ਤੇ ਲਾਹੌਰ ਨੂੰ ਅਪਣੀ ਰਾਜਧਾਨੀ ਬਣਾਇਆ। ਇਸ ਤਰ੍ਹਾਂ ਕੁਤਬਦੀਨ ਐਬਕ ਨੇ ਦਾਸ ਵੰਸ਼ ਦੀ ਨੀਂਹ ਰੱਖੀ।

| ਕੁਤਬਦੀਨ ਐਬਕ (1206-10 ਈ:) | ਆਰਾਮਸ਼ਾਹ (1210-11 ਈ) | ਇਲਤੁਤਮਿਸ਼ (1211-36 ਈ:) | ਰਜ਼ੀਆ ਸੁਲਤਾਨ (1236-40ਈ:) | ਬਹਰਾਮ ਸ਼ਾਹ , ਮਸੂਦ ਸ਼ਾਹ ਤੇ ਮਹਿਮੂਦ (1240-66 ਈ:) | ਬਲਬਨ (1266-87 ਈ:) | ਕੈਕੂਬਾਦ (1287-90 ਈ:) |
|---|---|---|---|---|---|---|
| ਦਾਸ਼ ਵੰਸ਼ ਦਾ ਮੋਢੀ, ਪੋਲੋ ਖੇਡਦੇ ਸਮੇਂ ਘੋੜੇ ਤੋਂ ਡਿੱਗਣ ਕਾਰਨ 1210 ਈ: ਵਿੱਚ ਮੌਤ, ਲੱਖ ਬਖਸ | ਕੁਤਬਦੀਨ ਐਬਕ ਦਾ ਕਮਜ਼ੋਰ ਉੱਤਰਾਧਿਕਾਰੀ | ਕੁਤਬਦੀਨ ਐਬਕ ਦਾ ਗੁਲਾਮ, ਚਾਲੀਸਾ ਦਾ ਗਠਨ, ਇਕਤਾ ਪ੍ਰਣਾਲੀ ਦਾ ਗਠਨ | ਦਿੱਲੀ ਸਲਤਨਤ ਦੀ ਪਹਿਲੀ ਮਹਿਲਾ ਸੁਲਤਾਨ। | ਰਜੀਆ ਦੇ ਕਮਜ਼ੋਰ ਉੱਤਰਾਧਿਕਾਰੀ। ਨਾਸਿਰੁਦੀਨ ਮਹਿਮੂਦ ਦੀ ਮੌਤ ਤੋਂ ਬਾਅਦ ਬਲਬਨ ਸ਼ਾਸਕ ਬਣਿਆ। | ਇਲਤੁਤਮਿਸ ਦਾ ਗੁਲਾਮ, ਚਾਲੀਸਾ ਦਾ ਅੰਤ, ਲਹੂ ਤੇ ਲੋਹੇ ਦੀ ਨੀਤੀ, ਰਾਜਤੱਵ ਦਾ ਸਿਧਾਂਤ। | ਬਲਬਨ ਦਾ ਕਮਜ਼ੋਰ ਉੱਤਰਾਧਿਕਾਰੀ ਜਿਸਦੀ ਹੱਤਿਆ ਕਰਕੇ ਜਲਾਲੁਦੀਨ ਨੇ ਖ਼ਲਜੀ ਵੰਸ਼ ਦੀ ਨੀਂਹ ਰੱਖੀ। |

ਇਸ ਤੋਂ ਬਾਅਦ ਅਧਿਆਪਕ ਦੱਸੇਗਾ ਕਿ ਦਿੱਲੀ ਦੇ ਸ਼ਾਸਕ ਕੈਕੂਬਾਦ ਦੀ ਨਰਮ ਨੀਤੀ ਕਾਰਨ ਦਰਬਾਰ ਸਜਿਸ਼ਾਂ ਦਾ ਅੱਡਾ ਬਣ ਚੁੱਕਾ ਸੀ। ਜਿਸਦਾ ਲਾਭ ਉਠਾਕੇ ਜਲਾਲਉੱਦੀਨ ਖ਼ਲਜੀ ਨੇ ਕੈਕੂਬਾਦ ਦਾ ਅੰਤ ਕਰ ਦਿੱਤਾ ਅਤੇ ਆਪ ਸ਼ਾਸਕ ਬਣ ਗਿਆ। ਜਲਾਲਉੱਦੀਨ ਖ਼ਲਜੀ ਨੇ 1290-96 ਤੱਕ ਸ਼ਾਸਨ ਕੀਤਾ ਅਤੇ ਉਸਦਾ ਉਸਦੇ ਭਤੀਜੇ ਤੇ ਜਵਾਈ ਅਲਾਉਦੀਨ ਖ਼ਲਜੀ ਨੇ ਕਤਲ ਕਰ ਦਿੱਤਾ ਤੇ ਆਪ ਗੱਦੀ 'ਤੇ ਬੈਠ ਗਿਆ। ਇਸ ਤਰ੍ਹਾਂ ਅਲਾਉਦੀਨ ਖ਼ਲਜੀ ਹੀ ਖ਼ਲਜੀ ਵੰਸ਼ ਦਾ ਮਹਾਨ ਸ਼ਾਸਕ ਸੀ। 1320 ਈ: ਵਿੱਚ ਗਿਆਸੁਦੀਨ ਤੁਗਕਲ ਨੇ ਖ਼ਲਜੀ ਸ਼ਾਸਨ ਦਾ ਅੰਤ ਕਰਕੇ ਨਵੇ ਰਾਜਵੰਸ਼ (ਤੁਗਲਕ ਵੰਸ਼) ਦੀ ਸਥਾਪਨਾ ਕੀਤੀ। ਤੁਗਲਕਾਂ ਨੇ 1414 ਈ: ਤੱਕ ਸ਼ਾਸਨ ਕੀਤਾ। ਇਸੇ ਤਰ੍ਹਾਂ ਸੱਯਦ ਤੇ ਲੋਧੀ ਵੰਸ਼ ਬਾਰੇ ਜਾਣਕਾਰੀ ਦੇਵੇਗਾ ਤੇ ਦੱਸੇਗਾ ਕਿ ਕਿਵੇ 1526 ਈ: ਵਿੱਚ ਪਾਣੀਪਤ ਦੀ ਪਹਿਲੀ ਲੜਾਈ ਨੇ ਦਿੱਲੀ ਸਲਤਨਤ ਦਾ ਅੰਤ ਕਰ ਦਿੱਤਾ।

| | | | |
|---|---|---|---|
| ਖ਼ਲਜੀ ਵੰਸ਼ | ਜਲਾਲੁਦੀਨ ਖ਼ਲਜੀ | 1290–96 ਈ. | ਖ਼ਲਜੀ ਵੰਸ਼ ਦਾ ਮੋਢੀ ਸੀ। |
| | ਅਲਾਉਦੀਨ ਖ਼ਲਜੀ | 1296–1316 ਈ. | ਆਰਥਿਕ ਅਤੇ ਸੈਨਿਕ ਸੁਧਾਰ, ਮੰਗੋਲਾਂ ਨਾਲ ਯੁੱਧ। |
| | ਕੁਤਬਦੀਨ ਮੁਬਾਰਕ | 1316–1320 ਈ. | ਅਯੋਗ ਸ਼ਾਸਕ ਜਿਸਦਾ ਗਿਆਸੁਦੀਨ ਤੁਗਲਕ ਨੇ ਕਤਲ ਕਰ ਦਿੱਤਾ। |
| ਤੁਗਲਕ ਵੰਸ਼ | ਗਿਆਸੁਦੀਨ | 1320–25 ਈ: | ਤੁਗਲਕ ਵੰਸ਼ ਦੀ ਸਥਾਪਨਾ, ਗਾਜ਼ੀ ਤੁਗਲਕ ਦੇ ਨਾਮ ਨਾਲ ਪ੍ਰਸਿੱਧ। |
| | ਮੁਹੰਮਦ ਤੁਗਲਕ | 1325–51 ਈ: | ਕਾਲਪਨਿਕ ਯੋਜਨਾਵਾਂ, ਇਬਨਬਤੂਤਾ ਦੀ ਭਾਰਤ ਯਾਤਰਾ। |
| | ਫਿਰੋਜ਼ ਤੁਗਲਕ | 1351–88 ਈ: | ਲ਼ੋਕ ਭਲਾਈ ਦੇ ਕੰਮ, ਮੇਰਠ ਤੇ ਟੋਪਰਾ ਤੋਂ ਅਸ਼ੋਕ ਦੇ ਸਤੰਭ ਦਿੱਲੀ ਮੰਗਵਾਏ। |
| ਸੱਯਦ ਵੰਸ਼ | ਖਿਜਰ ਖਾਂ | 1414–21 ਈ: | ਸੱਯਦ ਵੰਸ਼ ਦਾ ਮੋਢੀ, ਮੁਬਾਰਕਸ਼ਾਹ, ਮਸੂਦਸ਼ਾਹ ਤੇ ਆਲਮਸ਼ਾਹ ਨਾਮਕ ਇਸਦੇ ਉੱਤਰਾਧਿਕਾਰੀਆਂ ਨੇ 1451 ਈ: ਤੱਕ ਸ਼ਾਸਨ ਕੀਤਾ। |
| ਲੋਧੀ ਵੰਸ਼ | ਬਹਿਲੋਲ ਲੋਧੀ | 1451–89 ਈ: | ਲੋਧੀ ਵੰਸ਼ ਦਾ ਮੋਢੀ । |
| | ਸਿਕੰਦਰ ਲੋਧੀ | 1489–1517 ਈ: | ਇਸਲਾਮ ਦੇ ਪ੍ਰਸਾਰ ਲਈ ਹਰ ਸੰਭਵ ਕੋਸ਼ਿਸ ਕੀਤੀ। |
| | ਇਬਰਾਹੀਮ ਲੋਧੀ | 1517–26 ਈ: | ਲੋਧੀ ਵੰਸ਼ ਤੇ ਦਿੱਲੀ ਸਲਤਨਤ ਦਾ ਅੰਤਿਮ ਸੁਲਤਾਨ, 1526 ਈ: ਪਾਣੀਪਤ ਦੀ ਪਹਿਲੀ ਲੜਾਈ ਵਿੱਚ ਹਾਰ। |

**ਦਿੱਲੀ ਸਲਤਨਤ ਅਧੀਨ ਭਵਨ ਨਿਰਮਾਣ:** ਅਧਿਆਪਕ ਵਿਦਿਆਰਥੀਆਂ ਨੂੰ ਸਲਤਨਤ ਕਾਲੀਨ ਭਵਨ ਨਿਰਮਾਣ ਕਲਾ ਦੇ ਵਿਕਾਸ ਬਾਰੇ ਦੱਸੇਗਾ। ਕੁਵੱਤ-ਉਲ-ਇਸਲਾਮ ਮਸਜਿਦ,ਢਾਈ ਦਿਨ ਕਾ ਝੌਂਪੜਾ ਮਸਜਿਦ, ਕੁਤਬਮੀਨਾਰ,ਅਲਾਈ ਦਰਵਾਜ਼ਾ,ਜਮਾਤਖਾਨਾ ਮਸਜਿਦ,ਸ਼ੇਖ ਨਿਜਾਮੁਦੀਨ ਔਲੀਆ ਦਾ ਮਕਬਰਾ,ਬਾਰਾਖੰਭਾ ਆਦਿ ਇਮਾਰਤਾ ਤੇ ਸਥਾਨਾਂ ਦਾ ਨਿਰਮਾਣ ਕਰਵਾਉਣ ਵਾਲੇ ਸ਼ਾਸਕਾਂ ਦੀ ਜਾਣਕਾਰੀ ਦੇਵੇਗਾ।

**ਦਿੱਲੀ ਸਲਤਨਤ ਅਧੀਨ ਪ੍ਰਸ਼ਾਸਨ:** ਅਧਿਆਪਕ ਦਿੱਲੀ ਸਲਤਨਤ ਦੀ ਸ਼ਾਸਨ ਵਿਵਸਥਾ ਨੂੰ ਤੁਲਨਾਤਮਕ ਵਿਧੀ ਰਾਹੀ ਪੜ੍ਹਾ ਸਕਦਾ ਹੈ ਕਿ ਰਾਜਪੂਤਾਂ ਦੀ ਸ਼ਾਸਨ ਵਿਵਸਥਾਂ ਤੋਂ ਇਹ ਕਿੰਨੀ ਭਿੰਨ ਸੀ।

**ਦਿੱਲੀ ਸਲਤਨਤ ਅਧੀਨ ਜੀਵਨ:** ਅਧਿਆਪਕ ਦਿੱਲੀ ਸਲਤਨਤ ਅਧੀਨ ਸਮਾਜਿਕ, ਧਾਰਮਿਕ, ਆਰਥਿਕ ਤੇ ਰਾਜਨੀਤਿਕ ਜੀਵਨ ਵੀ ਤੁਲਨਾਤਮਕ ਵਿਧੀ ਰਾਹੀ ਪੜ੍ਹਾ ਸਕਦਾ ਹੈ ਕਿ ਮੁਸਲਿਮ ਸੱਤਾ ਦੀ ਸਥਾਪਨਾ ਦੇ ਨਤੀਜੇ ਵਜੋਂ ਸਮਾਜਿਕ, ਧਾਰਮਿਕ, ਆਰਥਿਕ ਤੇ ਰਾਜਨੀਤਿਕ ਜੀਵਨ ਵਿੱਚ ਕੀ ਪਰਿਵਰਤਨ ਆਏ।

**ਸਾਮਰਾਜ ਵਿਸਥਾਰ**: ਅਧਿਆਪਕ ਨਕਸ਼ੇ ਦੀ ਮੱਦਦ ਨਾਲ ਦਿੱਲੀ ਦੇ ਵੱਖ ਵੱਖ ਸੁਲਤਾਨਾਂ ਸਮੇਂ ਹੋਏ ਸਾਮਰਾਜ ਵਿਸਥਾਰ ਬਾਰੇ ਵਿਦਿਆਰਥੀਆਂ ਨੂੰ ਪੜ੍ਹਾ ਸਕਦਾ ਹੈ।

ਗਤੀਵਿਧੀਆਂ:


- ਅਧਿਆਪਕ ਵਿਦਿਆਰਥੀਆਂ ਨੂੰ ਸਲਤਨਤ ਕਾਲੀਨ ਭਵਨਾਂ ਦੀ ਸੂਚੀ ਬਣਾਉਣ ਲਈ ਕਹਿ ਸਕਦਾ ਹੈ।
- ਬਲਬਨ ਦੀ 'ਲਹੂ ਤੇ ਲੋਹੇ ਦੀ ਨੀਤੀ' ਬਾਰੇ ਵਾਦ ਵਿਵਾਦ ਕਰਵਾ ਸਕਦਾ ਹੈ।
- "ਕੀ ਮੁਹੰਮਦ ਤੁਗਲਕ ਨਾਲ ਇਤਿਹਾਸਕਾਰਾਂ ਨੇ ਨਿਆਂ ਕੀਤਾ ਹੈ।" ਇਸ ਵਿਸ਼ੇ 'ਤੇ ਵਾਦ ਵਿਵਾਦ ਕਰਵਾ ਸਕਦਾ ਹੈ।

# ਮੁਗਲ ਸਾਮਰਾਜ

ਇਸ ਪਾਠ ਨੂੰ ਪੜਾਉਣ ਲਈ ਟਾਇਮ ਲਾਇਨ, ਚਾਰਟ, ਨਕਸ਼ਾ ਅਤੇ ਰੋਲ ਪਲੇਅ ਤਕਨੀਕ ਦੀ ਵਰਤੋਂ ਕੀਤੀ ਜਾਵੇਗੀ। ਟਾਇਮ ਲਾਇਨ ਦੀ ਮੱਦਦ ਨਾਲ ਮੁਗਲ ਸ਼ਾਸਕਾਂ ਦੇ ਸ਼ਾਸਨ ਕਾਲ ਤੇ ਮੁੱਖ ਘਟਨਾਵਾਂ ਨੂੰ ਕ੍ਰਮਬੱਧ ਕੀਤਾ ਜਾ ਸਕੇਗਾ।ਨਕਸ਼ੇ ਦੀ ਮੱਦਦ ਨਾਲ ਮੁਗਲ ਸ਼ਾਸਕਾਂ ਦੁਆਰਾ ਕੀਤੇ ਸਾਮਰਾਜ ਵਿਸਥਾਰ ਨੂੰ ਦਰਸਾਇਆ ਜਾਵੇਗਾ ਜਦੋਂਕਿ ਮੁਗਲਾਂ ਦੇ ਸ਼ਾਸਨ ਪ੍ਰਬੰਧ ਨੂੰ ਰੋਲ ਪਲੇਅ ਦੁਆਰਾ ਵਧੇਰੇ ਰੋਚਕ ਬਣਾਇਆ ਜਾ ਸਕਦਾ ਹੈ।

*ਸਭ ਤੋਂ ਪਹਿਲਾਂ ਅਧਿਆਪਕ ਮੁਗਲ ਕਾਲ ਦੇ ਲਿਖਤੀ ਸ੍ਰੋਤਾਂ (ਤੁਜਕੇ-ਬਾਬਰੀ, ਹਮਾਯੂੰਨਾਮਾ, ਅਕਬਰਨਾਮਾ ਤੇ ਤੁਜਕੇ- ਜਹਾਂਗੀਰੀ) ਦੇ ਲੇਖਕਾਂ, ਭਾਸ਼ਾ ਤੇ ਵਿਸ਼ਾ ਵਸਤੂ ਬਾਰੇ ਸੰਖੇਪ ਜਾਣਕਾਰੀ ਦੇਵੇਗਾ।* ***ਇਸ ਤੋਂ ਬਾਅਦ ਅਧਿਆਪਕ ਹੇਠਾਂ ਦਿੱਤੇ ਫੈਮਿਲੀ ਟ੍ਰੀ ਅਤੇ ਸਾਰਣੀ ਦੀ ਸਹਾਇਤਾ ਨਾਲ ਮੁਗਲ ਸਮਰਾਟਾਂ ਦੇ ਸ਼ਾਸਨ ਕਾਲ ਦੀਆਂ ਵੱਖ-ਵੱਖ ਘਟਨਾਵਾਂ, ਲੜਾਈਆਂ ਆਦਿ ਬਾਰੇ ਜਾਣਕਾਰੀ ਦੇਵੇਗਾ।***

| ਸ਼ਾਸਕ | ਸ਼ਾਸਨ ਕਾਲ | ਪ੍ਰਮੁੱਖ ਘਟਨਾਵਾਂ |
|---|---|---|
| **ਬਾਬਰ** | 1526-1530 ਈ. | ਪਾਣੀਪਤ ਦੀ ਪਹਿਲੀ ਲੜਾਈ 1526 ਈ:, ਭਾਰਤ ਵਿੱਚ ਮੁਗਲ ਸਾਮਰਾਜ ਦੀ ਸਥਾਪਨਾ |
| **ਹਮਾਯੂੰ** | 1530-1556 ਈ. | ਖਾਨਵਾਹ, ਚੰਦੇਰੀ ਤੇ ਘਾਗਰਾ ਦੀਆਂ ਲੜਾਈਆਂ, ਸ਼ੇਰਸ਼ਾਹ ਸੂਰੀ ਦਾ ਸ਼ਾਸਕ ਬਣਣਾ, ਮਾਛੀਵਾੜਾ ਤੇ ਸਰਹਿੰਦ ਦੀਆਂ ਲੜਾਈਆਂ: ਹਮਾਯੂੰ ਦੁਆਰਾ ਮੁੜ ਸੱਤਾ ਪ੍ਰਾਪਤ ਕਰਨਾ |
| **ਅਕਬਰ** | 1556-1605 ਈ. | ਪਾਣੀਪਤ ਦੀ ਦੂਜੀ ਲੜਾਈ 1556 ਈ:, ਮਜ਼ਹਰ ਦੀ ਘੋਸ਼ਣਾ, ਦੀਨ-ਏ-ਇਲਾਹੀ |
| **ਜਹਾਂਗੀਰ** | 1605-1627 ਈ. | ਨੂਰਜਹਾਂ ਗੁੱਟ ਦਾ ਪ੍ਰਭਾਵ ਵਧਣਾ, ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ 1606ਈ ,ਚਿੱਤਰਕਲਾ ਦਾ ਵਿਕਾਸ |
| **ਸ਼ਾਹਜਹਾਂ** | 1627-1658 ਈ. | ਲ਼ਾਲ ਕਿਲ੍ਹਾ,ਤਾਜ ਮਹਿਲ,ਮੋਤੀ ਮਸਜਿਦ ਦਾ ਨਿਰਮਾਣ, ਭਵਨ ਨਿਰਮਾਣ ਕਲਾ ਦਾ ਸੁਨਿਹਰੀ ਕਾਲ |
| **ਔਰੰਗਜੇਬ** | 1658-1707 ਈ. | ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਹੀਦੀ 1675 ਈ:, ਜਾਟਾਂ, ਸਤਨਾਮੀਆਂ ਤੇ ਸਿੱਖਾ ਦਾ ਵਿਦਰੋਹ |




**ਸੁਝਾਅ**

ਕੀ ਮੁਗਲ ਸਮਰਾਟ ਅਕਬਰ ਇੱਕ ਮਹਾਨ ਸ਼ਾਸਕ ਸੀ ? ਉਪ- ਵਿਸ਼ੇ ਤੇ ਵਾਦ ਵਿਵਾਦ ਕਰਵਾਇਆ ਜਾ ਸਕਦਾ ਹੈ।

## ਮੁਗਲ ਪ੍ਰਸ਼ਾਸਨ : ਰੋਲ ਪਲੇਅ ਵਿਧੀ

(ਅਧਿਆਪਕ ਵਿਦਿਆਰਥੀਆਂ ਤੋਂ ਇਹ ਪਲੇਅ ਤਿਆਰ ਕਰਵਾ ਸਕਦਾ ਹੈ, ਜਿਸ ਨਾਲ ਵਿਦਿਆਰਥੀ ਮੁਗਲਾਂ ਸ਼ਾਸਨ ਪ੍ਰਣਾਲੀ ਦੇ ਅਹਿਮ ਅਧਿਕਾਰੀਆਂ ਦੇ ਅਹੁਦਿਆਂ ਤੇ ਕੰਮਾਂ ਨੂੰ ਅਸਾਨੀ ਨਾਲ ਯਾਦ ਰੱਖ ਸਕਣਗੇ)

(ਸਟੇਜ ਤੇ ਦਰਬਾਰ ਲੱਗਿਆ ਹੋਇਆ ਹੈ। ਸਾਰੇ ਮੰਤਰੀ ਬਾਦਸ਼ਾਹ ਦੇ ਸਾਹਮਣੇ ਬੈਠੇ ਹਨ।)

**ਬਾਦਸ਼ਾਹ**: *(ਵਕੀਲ ਵੱਲ ਇਸ਼ਾਰਾ ਕਰਕੇ)* ਅੱਜ ਦੀ ਕਾਰਵਾਈ ਸ਼ੁਰੂ ਕੀਤੀ ਜਾਵੇ।

**ਵਕੀਲ**: ਜੀ ਹਜ਼ੂਰ, ਦਰਬਾਰ ਵਿੱਚ ਬੈਠੇ ਸਾਰੇ ਅਧਿਕਾਰੀ ਅਪਣੇ ਅਪਣੇ ਵਿਭਾਗ ਦਾ ਸਲਾਨਾ ਲੇਖਾ-ਜੋਖਾ ਪੇਸ਼ ਕਰਨ।ਦੀਵਾਨ-ਏ ਆਲਾ ਵਿੱਤ ਵਿਭਾਗ ਦੀ ਕਾਰਗੁਜ਼ਾਰੀ ਦੱਸੋ।(ਬੈਠ ਜਾਂਦਾ ਹੈ)

**ਦੀਵਾਨ-ਏ ਆਲਾ**: ਸਹਿਨਸ਼ਾਹ-ਏ-ਹਿੰਦ , ਮੈ ਸਾਮਰਾਜ ਦੀ ਸਾਰੀ ਆਮਦਨ ਤੇ ਖਰਚ ਦਾ ਹਿਸਾਬ ਤਿਆਰ ਕਰ ਰਿਹਾ ਹਾਂ, ਸੂਬਿਆਂ ਦੇ ਦੀਵਾਨਾਂ ਤੋਂ ਸਾਰਾ ਆਮਦਨ ਤੇ ਖਰਚ ਦਾ ਹਿਸਾਬ ਮੰਗਵਾ ਲਿਆ ਹੈ ਜੋ ਵਕੀਲ ਪਾਸ ਜਲਦੀ ਹੀ ਜਮ੍ਹਾਂ ਕਰਵਾ ਦਿੱਤਾ ਜਾਵੇਗਾ।

**ਮੀਰ ਬਖਸ਼ੀ:** ਹਜ਼ੂਰ ਮੈ ਮੁਗਲ ਸਾਮਰਾਜ ਦੇ ਸਾਰੇ ਸੈਨਿਕ ਤੇ ਅਸੈਨਿਕ ਅਧਿਕਾਰੀਆਂ ਨੂੰ ਵੇਤਨ ਵੰਡ ਦਿੱਤਾ ਹੈ । ਤਮਾਮ ਮਨਸਬਦਾਰਾਂ ਦਾ ਰਿਕਾਰਡ ਤਿਆਰ ਕਰਕੇ ਵਕੀਲ ਪਾਸ ਜਮ੍ਹਾਂ ਕਰਵਾ ਦਿੱਤਾ ਹੈ ਜੀ।

**ਸਦਰ-ਉਸ-ਸਦੂਰ**: ਜਹਾਂ ਪਨਾਹ, ਸਰੀਅਤ ਅਨੁਸਾਰ ਪੀਰਾਂ ,ਫਕੀਰਾਂ, ਵਿਦਵਾਨਾਂ, ਧਾਰਕਿਮ ਆਗੂਆਂ,ਸਿੱਖਿਆ ਸੰਸਥਾਵਾਂ ਆਦਿ ਨੂੰ ਦਿੱਤੇ ਗਏ ਦਾਨ ਤੇ ਦਿੱਤੀ ਗਈ ਲਗਾਨ ਮੁਕਤ ਭੂਮੀ ਦਾ ਵੇਰਵਾ ਵਕੀਲ ਪਾਸ ਜਮ੍ਹਾਂ ਕਰਵਾ ਦਿੱਤਾ ਹੈ ਜੀ।

**ਦਰੋਗਾ-ਏ-ਡਾਕ ਚੌਕੀ**: ਸਹਿਨਸ਼ਾਹ-ਏ-ਹਿੰਦ, ਜਸੂਸੀ ਵਿਭਾਗ ਦੇ ਮੁਖੀ ਵਜੋਂ ਕੰਮ ਕਰ ਰਿਹਾ ਹਾਂ। ਪੂਰੀ ਮੁਗਲ ਸਲਤਨਤ ਵਿੱਚ ਜਾਸੂਸ ਫੈਲੇ ਹੋਏ ਹਨ ਜੋ ਹਰ ਘਟਨਾਂ ਦੀ ਜਾਣਕਾਰੀ ਦੇ ਰਹੇ ਹਨ।

**ਕਾਜੀ-ਉਲ-ਕਜਾਤ**: ਬਾਦਸ਼ਾਹ ਸਲਾਮਤ, ਨਿਆਂ ਵਿਭਾਗ ਮੁਗਲੀਆ ਸਲਤਨਤ ਵਿੱਚ ਇਸਲਾਮੀ ਕਾਨੂੰਨ ਅਨੁਸਾਰ ਨਿਆਂ ਪ੍ਰਦਾਨ ਕਰ ਰਿਹਾ ਹਾਂ।

**ਬਾਦਸ਼ਾਹ**: ।ਵਕੀਲ ਜੀ, ਪ੍ਰਾਂਤਾਂ ਦੇ ਸੂਬੇਦਾਰਾਂ ਤੇ ਕੋਤਵਾਲਾਂ ਦੀ ਸਭਾ ਬੁਲਾਕੇ ਅਮਨ ਕਾਨੂੰਨ ਦਾ ਜਾਇਜਾ ਲਿਆ ਜਾਵੇ। ਇਹ ਪਤਾ ਕਰੋ ਕਿ ਸਾਮਰਾਜ ਦੀ ਕਿੰਨੀ ਭੂਮੀ ਪੋਲਜ, ਪਰੋਤੀ, ਛੱਛਰ ਤੇ ਬੰਜਰ ਹੈ।ਕਿਹੜੇ ਭਾਗਾਂ ਵਿੱਚ ਜਬਤੀ, ਕਨਕੂਤ, ਬਟਾਈ ਤੇ ਨਸਕ ਪ੍ਰਣਾਲੀ ਲਾਗੂ ਕੀਤੀ ਗਈ ਹੈ। ਅੱਜ ਦੀ ਸਭਾ ਇੱਥੇ ਹੀ ਸਮਾਪਤ ਹੁੰਦੀ ਹੈ।

(ਉਪਰੰਤ ਸਾਰੇ ਪਾਤਰ ਅਪਣੇ ਨਾਮ, ਭੂਮਿਕਾ ਅਤੇ ਤੇ ਅਹੁਦੇ ਦੀ ਜਾਣਕਾਰੀ ਦਿੰਦੇ ਹਨ) ਸਮਾਪਤ।



Growth of the Mughal Empire, 1526–1707

**ਨਕਸ਼ਾ: ਇਸ ਪਾਠ ਵਿੱਚ ਦੋ ਨਕਸ਼ੇ ਸਾਮਲ ਹਨ: ਭਾਰਤ 1526 ਈ: ਵਿੱਚ ਅਤੇ ਅਕਬਰ ਅਧੀਨ ਸਾਮਰਾਜ ਵਿਸਥਾਰ ।**

**ਭਾਰਤ 1526 ਈ: ਵਿੱਚ:** ਇਹ ਨਕਸ਼ਾ ਕਰਵਾਉਣ ਲਈ ਅਧਿਆਪਕ ਭਾਰਤੀ ਉਪ ਮਹਾਂਦੀਪ ਦੇ ਨਕਸ਼ੇ ਵਿੱਚ ਦਿੱਲੀ ਸਲਤਨਤ ਦਾ ਖੇਤਰ ਦਿਖਾਵੇਗਾ, ਇਸ ਵਿੱਚ ਲਾਹੌਰ, ਪਿਸ਼ਾਵਰ, ਪਾਣੀਪਤ ਤੇ ਜੌਨਪੁਰ ਨੂੰ ਦਰਸਾਇਆ ਜਾਵੇਗਾ। ਦਿੱਲੀ ਸਲਤਨਤ ਤੋਂ ਬਾਹਰ ਦੇ ਖੇਤਰਾਂ ਵਿੱਚ ਕਸ਼ਮੀਰ, ਮੁਲਤਾਨ, ਬੰਗਾਲ, ਗੁਜਰਾਤ, ਅਹਿਮਦਨਗਰ, ਬੀਜਾਪੁਰ , ਬੀਦਰ, ਗੋਲਕੁੰਡਾ ਤੇ ਵਿਜੈਨਗਰ ਰਾਜ ਨੂੰ ਦਰਸਾਇਆ ਜਾਵੇਗਾ।ਇਹਨਾ ਵਿੱਚੋਂ ਲਾਹੌਰ, ਪਾਣੀਪਤ, ਜੌਨਪੁਰ, ਕਸ਼ਮੀਰ, ਮੁਲਤਾਨ, ਬੰਗਾਲ, ਗੁਜਰਾਤ, ਅਹਿਮਦਨਗਰ, ਬੀਜਾਪੁਰ ਤੇ ਵਿਜੈਨਗਰ ਦੀ ਸਥਿਤੀ ਦੀ ਵਿਆਖਿਆ ਕੀਤੀ ਜਾਵਗੀ।

**ਅਕਬਰ ਅਧੀਨ ਸਾਮਰਾਜ ਵਿਸਥਾਰ**: ਇਹ ਨਕਸ਼ਾ ਕਰਵਾਉਣ ਲਈ ਅਧਿਆਪਕ ਭਾਰਤੀ ਉਪ ਮਹਾਂਦੀਪ ਦੇ ਨਕਸ਼ੇ ਵਿੱਚ ਕਾਬੁਲ, ਲਾਹੌਰ, ਪਾਣੀਪਤ, ਆਗਰਾ, ਕਸ਼ਮੀਰ, ਮੁਲਤਾਨ, ਬੰਗਾਲ, ਬਿਹਾਰ, ਗੁਜਰਾਤ, ਉੜੀਸਾ ਤੇ ਖਾਨਦੇਸ਼ ਨੂੰ ਦਰਸਾਵੇਗਾ ।ਇਹਨਾ ਵਿੱਚੋਂ ਲਾਹੌਰ, ਪਾਣੀਪਤ, ਕਸ਼ਮੀਰ, ਮੁਲਤਾਨ, ਬੰਗਾਲ, ਗੁਜਰਾਤ ਤੇ ਖਾਨਦੇਸ਼ ਦੀ ਸਥਿਤੀ ਦੀ ਵਿਆਖਿਆ ਕੀਤੀ ਜਾਵਗੀ।

**ਪ੍ਰੋਜੈਕਟ ਵਰਕ: ਮੁਗਲ ਕਾਲ ਵਿੱਚ ਸੰਸਕ੍ਰਿਤ ਤੋਂ ਫਾਰਸੀ ਵਿੱਚ ਅਨੁਵਾਦ ਕੀਤੇ ਗ੍ਰੰਥਾਂ (ਮਹਾਂਭਾਰਤ, ਰਮਾਇਣ, ਅਥਰਵਵੇਦ, ਲੀਲਾਵਤੀ, ਰਾਜਤਰੰਗਣੀ, ਨਲ ਦਮਯੰਤੀ, ਭਗਵਤ ਗੀਤਾ) ਦੇ ਅਨੁਵਾਦਕਾਂ ਦੇ ਨਾਵਾਂ ਦੀ ਸੂਚੀ ਤਿਆਰ ਕਰਨ ਲਈ ਕਹਿ ਸਕਦਾ ਹੈ।**

ਘਰ ਦਾ ਕੰਮ

ਅਧਿਆਪਕ ਵਿਦਿਆਰਥੀਆਂ ਨੂੰ ਸਮਰਾਟ ਅਕਬਰ ਅਧੀਨ ਮੁਗਲ ਸਾਮਰਾਜ ਦਾ ਨਕਸ਼ਾ ਭਰਕੇ ਲਿਆਉਣ ਲਈ ਕਹਿ ਸਕਦਾ ਹੈ।

# ਅੰਗਰੇਜ਼ੀ ਸਾਮਰਾਜ ਦਾ ਵਿਸਥਾਰ

ਇਸ ਉਪ-ਵਿਸ਼ੇ ਨੂੰ ਅਧਿਆਪਕ ਚਾਰਟ ਦੀ ਮੱਦਦ ਨਾਲ ਕਹਾਣੀ ਸੁਣਾਉਣ ਵਿਧੀ ਨਾਲ ਪੜ੍ਹਾ ਸਕਦਾ ਹੈ।ਭਾਰਤ ਵਿੱਚ ਅੰਗਰੇਜ਼ੀ ਸਾਮਰਾਜ ਦੇ ਵਿਸਥਾਰ ਵਿੱਚ ਵੱਖ-ਵੱਖ ਗਵਰਨਰ ਜਨਰਲਾਂ ਦਾ ਯੋਗਦਾਨ ਰਿਹਾ ਹੈ ਜਿੰਨ੍ਹਾਂ ਵਿੱਚ ਤਿੰਨ ਗਵਰਨਰ ਜਨਰਲਾਂ -ਲਾਰਡ ਵੈਲਜ਼ਲੀ, ਲਾਰਡ ਹੇਸਟਿੰਗਜ਼ ਅਤੇ ਲਾਰਡ ਡਲਹੌਜ਼ੀ ਦਾ ਯੋਗਦਾਨ ਸਭ ਤੋਂ ਵੱਧ ਮਹੱਤਵਪੂਰਨ ਸੀ ।

### ਲ਼ਾਰਡ ਵੈਲਜ਼ਲੀ ਅਧੀਨ ਅੰਗਰੇਜ਼ੀ ਸਾਮਰਾਜ ਦਾ ਵਿਸਥਾਰ (1798–1805 ਈ:)



Lord Wellesley

ਵੈਲਜ਼ਲੀ ਦਾ ਪੂਰਾ ਨਾਂ **ਰਿਚਰਡ ਕੋਲੋ ਵੈਲਜ਼ਲੀ** ਸੀ । 1797 ਈ: ਵਿੱਚ ਉਸਨੂੰ ਮਦਰਾਸ ਦਾ ਗਵਰਨਰ ਨਿਯੁਕਤ ਕੀਤਾ ਗਿਆ। 1798 ਈ: ਵਿੱਚ ਉਸਨੂੰ ਗਵਰਨਰ-ਜਨਰਲ ਦਾ ਉੱਚ ਪਦ ਸੌਂਪ ਦਿੱਤਾ ਗਿਆ ।1798 ਈ: ਵਿੱਚ ਜਦੋਂ ਵੈਲਜ਼ਲੀ ਗਵਰਨਰ-ਜਨਰਲ ਬਣਿਆ , ਕੰਪਨੀ ਦੀ ਹਾਲਤ ਸੰਤੋਖਜਨਕ ਨਹੀਂ ਸੀ, ਪਰ ਵੈਲਜ਼ਲੀ ਨੇ ਅਪਣੀ ਹਿੰਮਤ, ਹੁਸ਼ਿਆਰੀ ਅਤੇ ਰਾਜਨੀਤਿਕ ਸੂਝ-ਬੂਝ ਦਾ ਸਬੂਤ ਦਿੰਦੇ ਹੋਏ ਕੰਪਨੀ ਦੇ ਹਿੱਤਾਂ ਨੂੰ ਸੁਰੱਖਿਅਤ ਕੀਤਾ। ਉਸਨੇ ਭਾਰਤੀ ਰਿਆਸਤਾਂ ਦੇ ਹਾਕਮਾਂ ਨਾਲ ਸਹਾਇਕ ਸੰਧੀਆਂ ਕਰਕੇ ਉਹਨਾਂ ਨੂੰ ਅੰਗਰੇਜ਼ੀ ਕੰਪਨੀ ਦੇ ਅਧੀਨ ਕੀਤਾ ਅਤੇ ਨਾਲ ਹੀ ਫਰਾਂਸੀਸੀਆਂ ਦੇ ਪ੍ਰਭਾਵ ਨੂੰ ਸਮਾਪਤ ਕੀਤਾ।


## ਸਹਾਇਕ ਸੰਧੀ ਪ੍ਰਣਾਲੀ

ਇਸ ਪ੍ਰਣਾਲੀ ਅਨੁਸਾਰ ਬ੍ਰਿਟਿਸ਼ ਸਰਕਾਰ ਦੇਸੀ ਰਿਆਸਤ ਦੇ ਹਾਕਮ ਨਾਲ ਸੰਧੀ ਕਰਦੀ ਸੀ । ਸੰਧੀ ਦੀਆਂ ਸ਼ਰਤਾਂ ਅਨਸਾਰ ਬ੍ਰਿਟਿਸ਼ ਸਰਕਾਰ ਉਸ ਰਿਆਸਤ ਦੀ ਰੱਖਿਆ ਲਈ ਸੈਨਾ ਤਿਆਰ ਕਰਦੀ ਸੀ, ਜਿਸ ਦਾ ਖਰਚ ਉਸ ਰਿਆਸਤ ਨੂੰ ਝੱਲਣਾ ਪੈਂਦਾ ਸੀ, ਇਸਦੇ ਬਦਲੇ ਵਿੱਚ ਰਿਆਸਤ ਦਾ ਹਾਕਮ ਬ੍ਰਿਟਿਸ਼ ਸਰਕਾਰ ਦੀ ਸਰਵ-ਉੱਚਤਾ ਸਵਿਕਾਰ ਕਰਦਾ ਸੀ ਅਤੇ ਫਰਾਂਸੀਸੀਆਂ ਅਤੇ ਦੂਜੀਆਂ ਵਿਦੇਸ਼ੀ ਸ਼ਕਤੀਆਂ ਨਾਲ ਕੋਈ ਸੰਬੰਧ ਨਹੀਂ ਰੱਖਦਾ ਸੀ ।ਸਹਾਇਕ ਸੰਧੀ ਤੋਂ ਇਲਾਵਾ ਵੈਲਜ਼ਲੀ ਨੇ ਯੁੱਧ ਅਤੇ ਪੈਨਸ਼ਨਾਂ ਰਾਹੀਂ ਵੀ ਅੰਗਰੇਜ਼ੀ ਸਾਮਰਾਜ ਦਾ ਵਿਸਥਾਰ ਕੀਤਾ।

*ਸਹਾਇਕ ਸੰਧੀ ਪ੍ਰਵਾਨ ਕਰਨ ਵਾਲੇ ਰਾਜ*


| ਹੈਦਰਾਬਾਦ | ਮੈਸੂਰ | ਤੰਜੋਰ | ਸ਼ੂਰਤ | ਅਵਧ | ਪੂਨਾ (ਬਾਜੀ ਰਾਓ ਦੂਜਾ) | ਗਵਾਲੀਅਰ (ਸਿੰਧੀਆ) | ਨਾਗਪੁਰ (ਭੌਂਸਲੇ) |
|---|---|---|---|---|---|---|---|
| 1789ਈ: | 1799ਈ: | 1799ਈ: | 1800ਈ: | 1801ਈ: | 1802 ਈ: | 1803 ਈ: | 1803 ਈ: |

### ਲ਼ਾਰਡ ਹੇਸਟਿੰਗਜ਼ ਅਧੀਨ ਅੰਗਰੇਜ਼ੀ ਸਾਮਰਾਜ ਦਾ ਵਿਸਥਾਰ (1813–1823 ਈ:)



ਜਿਸ ਸਮੇਂ ਲਾਰਡ ਹੇਸਟਿੰਗਜ਼ ਭਾਰਤ ਦਾ ਗਵਰਨਰ ਜਨਰਲ ਬਣਿਆ ਤਾਂ ਉਸ ਸਮੇਂ ਕੰਪਨੀ ਦੀ ਰਾਜਨੀਤਿਕ ਹਾਲਤ ਚੰਗੀ ਨਹੀਂ ਸੀ ।ਵੈਲਜ਼ਲੀ ਪਿੱਛੋਂ 1805 ਈ: ਤੋਂ ਲੈ ਕੇ 1813 ਈ: ਤੱਕ ਕਾਰਨਵਾਲਿਸ, ਸਰ ਜਾਰਜ ਬਾਰਲੋ ਅਤੇ ਮਿੰਟੋ ਗਵਰਨਰ ਜਨਰਲਰਹੇ ਸਨ । ਇੰਨ੍ਹਾਂ ਤਿੰਨਾਂ ਗਵਰਨਰ ਜਨਰਲਾਂ ਨੇ ਭਾਰਤੀ ਰਿਆਸਤਾਂ ਦੇ ਮੁਆਮਲਿਆਂ ਵਿੱਚ ਦਖਲ ਨਾ ਦੇਣ ਦੀ ਨੀਤੀ ਅਪਣਾਈ ਸੀ, ਜਿਸ ਦਾ ਸਿੱਟਾ ਇਹ ਹੋਇਆ ਕਿ ਕੰਪਨੀ ਦੇ ਦੁਸ਼ਮਣਾਂ ਦੇ ਹੌਂਸਲੇ ਵੱਧ ਗਏ ਸਨ । ਪੇਸ਼ਵਾ, ਭੌਂਸਲਾ, ਹੋਲਕਰ, ਸਿੰਧੀਆ ਆਦਿ ਮਰਾਠਾ ਸਰਦਾਰ ਫਿਰ ਤੋਂ ਸੁਤੰਤਰ ਹੋ ਗਏ ਸਨ ਅਤੇ ਉਨ੍ਹਾਂ ਨੇ ਆਪਣੀ ਸ਼ਕਤੀ ਵਧਾ ਲਈ ਸੀ । ਨੇਪਾਲ ਦੇ ਗੋਰਖਿਆਂ ਨੇ ਅੰਗਰੇਜ਼ੀ ਇਲਾਕਿਆਂ ਉੱਤੇ ਹਮਲੇ ਕਰਕੇ ਉਨ੍ਹਾਂ ਦੇ ਬਹੁਤ ਸਾਰੇ ਪਿੰਡਾਂ ਉੱਤੇ ਕਬਜ਼ਾ ਕਰ ਲਿਆ ਸੀ । ਪਿੰਡਾਰੀਆਂ ਅਤੇ ਪਠਾਣਾਂ ਨੇ ਲੁੱਟ-ਮਾਰ ਮਚਾ ਦਿੱਤੀ ਸੀ ਅਜਿਹੀਆਂ ਪਰਸਥਿਤੀਆਂ ਵਿੱਚ ਵੈਲਜ਼ਲੀ ਦੀ ਨੀਤੀ 'ਤੇ ਮੁੜ ਅਮਲ ਕਰਨਾ ਪਿਆ।ਲਾਰਡ ਹੇਸਟਿੰਗਜ਼ ਨੇ ਆਪਣੇ ਅਣਥੱਕ ਯਤਨਾਂ ਸਦਕਾ ਨਾ ਕੇਵਲ ਇੰਨ੍ਹਾਂ ਸ਼ਕਤੀਆਂ ਨੂੰ ਕੁਚਲਿਆ ਸਗੋਂ ਭਾਰਤ ਵਿੱਚ ਸ਼ਾਂਤੀ ਵੀ ਸਥਾਪਿਤ ਕੀਤੀ ।

### ਲ਼ਾਰਡ ਡਲਹੌਜ਼ੀ ਅਧੀਨ ਅੰਗਰੇਜ਼ੀ ਸਾਮਰਾਜ ਦਾ ਵਿਸਥਾਰ (1848—1856 ਈ:)




ਡਲਹੌਜ਼ੀ ਇੱਕ ਉੱਚ ਕੋਟੀ ਦਾ ਸਾਮਰਾਜਵਾਦੀ ਸੀ ।ਉਸਦੀ ਵਿਦੇਸ਼ ਨੀਤੀ ਦਾ ਉਦੇਸ਼ ਵੱਧ ਤੋਂ ਵੱਧ ਦੇਸੀ ਰਿਆਸਤਾਂ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਸ਼ਾਮਲ ਕਰਨਾ ਸੀ। ਉਸਨੇ ਕਈ ਦੇਸੀ ਰਿਆਸਤਾਂ ਨਾਲ ਯੁੱਧ ਕੀਤੇ ਅਤੇ ਉਨ੍ਹਾਂ ਨੂੰ ਹਰਾਉਣ ਪਿੱਛੋਂ ਉਨ੍ਹਾਂ ਦੇ ਇਲਾਕਿਆਂ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਮਿਲਾਇਆ । ਉਸਨੇ **ਲੈਪਸ ਸਿਧਾਂਤ** ਨੂੰ ਵੀ ਸਖਤੀ ਨਾਲ ਲਾਗੂ ਕਰਕੇ ਕਈ ਰਿਆਸਤਾਂ ਉੱਤੇ ਕਬਜ਼ਾ ਕਰ ਲਿਆ।


**ਲ਼ਾਰਡ ਡਲਹੌਜ਼ੀ ਰਾਹੀ ਵੱਖ-ਵੱਖ ਨੀਤੀਆਂ ਦੁਆਰਾ ਅੰਗਰੇਜ਼ੀ ਸਾਮਰਾਜ ਦਾ ਵਿਸਥਾਰ**

ਅਧਿਆਪਕ ਫਲੋਅ ਚਾਰਟ ਰਾਹੀਂ ਲ਼ਾਰਡ ਡਲਹੌਜੀ ਦੇ ਵੱਖ-ਵੱਖ ਕੰਮਾਂ, ਯੁੱਧਾਂ, ਸੰਧੀਆਂ ਆਦਿ ਬਾਰੇ ਪੜ੍ਹਾ ਸਕਦਾ ਹੈ।

# ਰਾਸ਼ਟਰੀ ਚੇਤਨਾ ਦਾ ਵਿਕਾਸ ਤੇ ਸੁਤੰਤਰਤਾ ਵੱਲ

ਸਭ ਤੋਂ ਪਹਿਲਾਂ ਅਧਿਆਪਕ ਵਿਦਿਆਰਥੀਆਂ ਨੂੰ ਪੁੱਛੇਗਾ ਕਿ ਭਾਰਤ ਕਦੋਂ ਆਜ਼ਾਦ ਹੋਇਆ। ਸੰਭਵ ਉੱਤਰ ਮਿਲਣ ਤੋਂ ਬਾਅਦ ਅਧਿਆਪਕ ਵਿਦਿਆਰਥੀਆਂ ਨੂੰ ਪੁੱਛੇਗਾ ਕੀ ਤੁਹਾਨੂੰ ਪਤਾ ਹੈ ਭਾਰਤ ਦੁਆਰਾ ਆਜ਼ਾਦੀ ਪ੍ਰਾਪਤ ਕਰਨ ਦੀ ਕਹਾਣੀ ਬਾਰੇ ਪਤਾ ਹੈ। ਇਸ ਪ੍ਰਸ਼ਨ ਦਾ ਅਸੰਤੋਖਜਨਕ ਉੱਤਰ ਮਿਲਣ ਤੋਂ ਬਾਅਦ ਅਧਿਆਪਕ ਵਿਦਿਆਰਥੀਆਂ ਨੂੰ ਟਾਈਮ ਲਾਈਨ, ਚਾਰਟ ਅਤੇ ਨਕਸ਼ੇ ਦੀ ਵਰਤੋਂ ਕਰਕੇ ਭਾਰਤ ਵਿੱਚ ਰਾਸ਼ਟਰੀ ਚੇਤਨਾ ਦੇ ਵਿਕਾਸ ਅਤੇ ਸੁਤੰਤਰਤਾ ਅੰਦੋਲਨ ਬਾਰੇ ਵਿਸਥਾਰ ਵਿੱਚ ਦੱਸੇਗਾ।

**ਰਾਸ਼ਟਰੀ ਚੇਤਨਾ ਦੇ ਵਿਕਾਸ ਦੇ ਕਾਰਨ ਪੜ੍ਹਾਉਣ ਲਈ ਹੇਠ ਦਿੱਤੇ ਅਨੁਸਾਰ ਚਾਰਟ ਬਣਾਇਆ ਜਾ ਸਕਦਾ ਹੈ:-**




ਭਾਰਤੀ ਰਾਸ਼ਟਰੀ ਕਾਂਗਰਸ (ਚਾਰਟ ਵਿਧੀ) ਇਸ ਭਾਗ ਨੂੰ ਪੜ੍ਹਾਉਣ ਲਈ ਅਧਿਆਪਕ ਭਾਰਤੀ ਰਾਸ਼ਟਰੀ ਕਾਂਗਰਸ ਦੀ ਸਥਾਪਨਾ, ਇਸਦੇ ਮੁੱਢਲੇ ਉਦੇਸ਼ਾਂ, ਅਤੇ ਮੰਗਾ ਸਬੰਧੀ ਚਾਰਟ ਤਿਆਰ ਕਰ ਸਕਦਾ ਹੈ। ਗਰਮ ਦਲ ਦੇ ਉਭਾਰ ਦੇ ਕਾਰਨਾਂ ਨੂੰ ਵੀ ਚਾਰਟ ਵਿਧੀ ਰਾਹੀ ਬੇਹਤਰ ਢੰਗ ਨਾਲ ਪੜਾਇਆ ਜਾ ਸਕਦਾ ਹੈ।ਗਰਮ ਦਲ ਅਤੇ ਨਰਮ ਦਲ ਦੇ ਉਦੇਸ਼ਾਂ ਅਤੇ ਵਿਧੀਆਂ ਬਾਰੇ ਤੁਲਨਾਤਮਕ ਵਿਧੀ ਰਾਹੀ ਪੜ੍ਹਾਇਆ ਜਾ ਸਕਦਾ ਹੈ।

ਕ੍ਰਾਂਤੀਕਾਰੀ ਲਹਿਰ: (ਅਸਾਇਨਮੈਂਟ ਵਿਧੀ) ਅਧਿਆਪਕ ਵਿਦਿਆਰਥੀਆਂ ਨੂੰ ਗਦਰ ਲਹਿਰ ਨਾਲ ਸਬੰਧਿਤ ਦੇਸ਼ ਭਗਤਾਂ ਦੀਆਂ ਤਸਵੀਰਾਂ ਸਕਰੈਪ ਬੁੱਕ ਵਿੱਚ ਲਗਾਕੇ ਉਹਨਾਂ ਦੇ ਅਜ਼ਾਦੀ ਸੰਘਰਸ਼ ਵਿੱਚ ਯੋਗਦਾਨ ਬਾਰੇ ਲਿਖਣ ਲਈ ਕਹਿ ਸਕਦਾ ਹੈ। ਕ੍ਰਾਂਤੀਕਾਰੀ ਲਹਿਰਾਂ ਨਾਲ ਸਬੰਧਿਤ ਦੇਸ਼ ਭਗਤਾਂ ਕਿਸ਼ਨ ਸਿੰਘ ਗੜਗੱਜ, ਸ਼ਹੀਦ ਭਗਤ ਸਿੰਘ, ਰਾਜਗੁਰੂ,ਸੁਖਦੇਵ, ਚੰਦਰ ਸ਼ੇਖਰ ਅਜ਼ਾਦ,ਸ਼ਹੀਦ ਉਧਮ ਸਿੰਘ,ਬਾਬਾ ਗੁਰਦਿੱਤਾ ਸਿੰਘ ਕਾਮਾਗਾਟਾਮਾਰੂ ਆਦਿ ਦੀਆਂ ਤਸਵੀਰਾਂ ਲਗਾਕੇ ਉਹਨਾਂ ਦੇ ਅਜ਼ਾਦੀ ਸੰਘਰਸ਼ ਵਿੱਚ ਯੋਗਦਾਨ ਬਾਰੇ ਲਿਖਣ ਲਈ ਕਿਹਾ ਜਾ ਸਕਦਾ ਹੈ।

**ਜਲ੍ਹਿਆਂ ਵਾਲਾ ਬਾਗ ਕਤਲੇਆਮ** (ਕਹਾਣੀ ਸੁਣਾਉਣ ਵਿਧੀ) ਜਲਿਆਂ ਵਾਲਾ ਬਾਗ ਕਤਲੇਆਮ ਬਾਰੇ ਜਮਾਤ ਵਿੱਚ ਕਹਾਣੀ ਸੁਣਾਈ ਜਾ ਸਕਦੀ ਹੈ। ਸਭ ਤੋਂ ਪਹਿਲਾਂ ਰੋਲਟ ਐਕਟ ਬਾਰੇ ਦੱਸਿਆ ਜਾਵੇ ਕਿ ਭਾਰਤੀ ਲੋਕ ਇਸਦਾ ਵਿਰੋਧ ਕਿਉਂ ਕਰ ਰਹੇ ਸਨ। ਫਿਰ ਡਾ. ਸਤਪਾਲ ਤੇ ਡਾ. ਕਿਚਲੂ ਬਾਰੇ ਦੱਸਿਆ ਜਾਵੇ। ਇਸਤੋਂ ਬਾਅਦ 13 ਅਪ੍ਰੈਲ 1919 ਨੂੰ ਵਾਪਰੇ ਪੂਰੇ ਘਟਨਾਕ੍ਰਮ ਨੂੰ ਕਹਾਣੀ ਦੇ ਰੂਪ ਵਿੱਚ ਸੁਣਾਇਆ ਜਾਵੇ।ਫਿਰ ਸੁਤੰਤਰਤਾ ਸੰਘਰਸ਼ ‘ਤੇ ਇਸ ਘਟਨਾ ਦੇ ਪ੍ਰਭਾਵ ਬਾਰੇ ਦੱਸਿਆ ਜਾਵੇ।

ਗੁਰਦੁਆਰਾ ਸੁਧਾਰ ਲਹਿਰ ਦੇ ਕਾਰਣਾਂ ਤੇ ਵੱਖ ਵੱਖ ਮੋਰਚਿਆਂ ਦਾ ਚਾਰਟ ਤਿਆਰ ਕੀਤਾ ਜਾ ਸਕਦਾ ਹੈ।

ਮਹਾਤਮਾ ਗਾਂਧੀ ਦਾ ਸੱਤਿਆਗ੍ਰਹਿ ਕੀ ਸੀ? ਕੀ ਇਹ ਅਨਿਆਂ ਦਾ ਵਿਰੋਧ ਕਰਨ ਦਾ ਉੱਤਮ ਤਰੀਕਾ ਹੈ? ਕੀ ਗਾਂਧੀਵਾਦੀ ਸੱਤਿਆਗ੍ਰਹਿ ਨੂੰ ਅੱਜਕਲ੍ਹ ਵਰਤਿਆ ਜਾ ਸਕਦਾ ਹੈ? ਇਸ ਵਿਸ਼ੇ ‘ਤੇ ਵਿਦਿਆਰਥੀਆਂ ਵਿੱਚ ਭਾਸ਼ਣ ਮੁਕਾਬਲਾ ਕਰਵਾਇਆ ਜਾ ਸਕਦਾ ਹੈ।

## ਸੁਤੰਤਰਤਾ ਸੰਘਰਸ਼ ਨਾਲ ਸਬੰਧਿਤ ਮਹੱਤਵਪੂਰਣ ਘਟਨਾਵਾਂ ਦੀ ਸਾਰਣੀ:

| 1905 ਈ. | 1906 ਈ. | 1916 ਈ. | 1928 ਈ. | 1929 ਈ. | 1930-32 ਈ. | 1940 ਈ. | 1942 ਈ. | 1946 ਈ. | 1947 ਈ. |
|---|---|---|---|---|---|---|---|---|---|
| ਬੰਗਾਲ ਦੀ ਵੰਡ,ਸਵਦੇਸ਼ੀ ਤੇ ਬਾਈਕਾਟ ਅੰਦੋਲਨ ਸ਼ੁਰੂ | ਮੁਸਲਿਮ ਲੀਗ ਦੀ ਸਥਾਪਨਾ | ਲਖਨਊ ਸਮਝੌਤਾ, ਹੋਮ ਰੂਲ ਅੰਦੋਲਨ | ਸਾਇਮਨ ਕਮਿਸ਼ਨ | ਪੂਰਨ ਅਜ਼ਾਦੀ ਦੀ ਮੰਗ | ਪਹਿਲੀ , ਦੂਜੀ ਤੇ ਤੀਜੀ ਗੋਲਮੇਜ਼ ਕਾਨਫਰੰਸ | ਪਾਕਿਸਤਾਨ ਦੀ ਮੰਗ | ਕ੍ਰਿਪਸ ਮਿਸ਼ਨ | ਕੈਬਨਿਟ ਮਿਸ਼ਨ ਯੋਜਨਾ | ਮਾਊਂਟਬੈਟਨ ਯੋਜਨਾ, ਭਾਰਤੀ ਸੁਤੰਤਰਤਾ ਐਕਟ |


**ਗਾਂਧੀ ਕਾਲ: ਦੇਸ਼ ਦੀ ਅਜ਼ਾਦੀ ਲਈ ਕੀਤੇ ਗਏ ਸੰਘਰਸ਼ ਵਿੱਚ ਮਹਾਤਮਾ ਗਾਂਧੀ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਲਈ ਜਰੂਰੀ ਹੈ ਕਿ ਗਾਂਧੀ ਜੀ ਦੀ ਅਗਵਾਈ ਵਿੱਚ ਕੀਤੇ ਗਏ ਸੰਘਰਸ਼ ਨੂੰ ਇੱਕ ਵੱਖਰੇ ਮਾਈਂਡ ਮੈਪ ਦੁਆਰਾ ਪੜਾਇਆ ਜਾ ਸਕਦਾ ਹੈ।**


| 1917-18 ਈ. | 1920-22 ਈ. | 1923 ਈ | 1930 ਈ. | 1931 ਈ. | 1932 ਈ. | 1942 ਈ. | 1947 ਈ. |
|---|---|---|---|---|---|---|---|
| ਚੰਪਾਰਨ ਸੱਤਿਆਗ੍ਰਹਿ ਤੇ ਖੇੜਾ ਅੰਦੋਲਨ ਗਾਂਧੀ ਜੀ ਦਾ ਅਜ਼ਾਦੀ ਸੰਘਰਸ਼ ਵਿੱਚ ਪ੍ਰਵੇਸ਼ | ਅਸਹਿਯੋਗ ਅੰਦੋਲਨ, ਚੋਰਾ-ਚੋਰੀ ਕਾਂਡ | ਸਵਰਾਜ ਦਲ ਦੀ ਸਥਾਪਨਾ | ਸਿਵਲ ਅਵੱਗਿਆ ਅੰਦੋਲਨ, ਡਾਂਡੀ ਮਾਰਚ | ਗਾਂਧੀ - ਇਰਵਨ ਸਮਝੌਤਾ | ਕਮਿਊਨਲ ਐਵਾਰਡ | ਭਾਰਤ ਛੱਡੋ ਅੰਦੋਲਨ | ਮਾਊਂਟਬੈਟਨ ਯੋਜਨਾ, ਭਾਰਤੀ ਸੁਤੰਤਰਤਾ ਐਕਟ |

**ਅਸਾਇਨਮੈਂਟ: ਅਜ਼ਾਦ ਹਿੰਦ ਫੌਜ ਦੇ ਗਠਨ, ਇਸਦੇ ਨੇਤਾਵਾਂ, ਪ੍ਰਾਪਤੀਆਂ ਅਤੇ ਆਈ.ਐੱਨ.ਏ. ਮੁੱਕਦਮੇ ਬਾਰੇ ਅਧਿਆਪਕ ਵਿਦਿਆਰਥੀਆਂ ਨੂੰ ਅਸਾਇਨਮੈਂਟ ਦੇ ਸਕਦਾ ਹੈ।** ***'ਤੁਸੀ ਮੈਨੂੰ ਖੂਨ ਦਿਓ,ਮੈਂ ਤੁਹਾਨੂੰ ਅਜ਼ਾਦੀ ਦੇਵਾਂਗਾ।'*** **ਇਸ ਕਥਨ 'ਤੇ ਜਮਾਤ ਵਿੱਚ ਵਿਸ਼ੇਸ ਚਰਚਾ ਕੀਤੀ ਜਾਵੇ।**

**ਨਕਸ਼ਾ:**

ਭਾਰਤੀ ਉਪ-ਮਹਾਂਦੀਪ ਦੇ ਨਕਸ਼ੇ ਦੀ ਮੱਦਦ ਨਾਲ 1947 ਦੀ ਵੰਡ ਨੂੰ ਦਰਸਾਇਆ ਜਾ ਸਕਦਾ ਹੈ, ਦੇਸ਼ ਦੀ ਵੰਡ ਸਮੇਂ ਪੰਜਾਬ ਅਤੇ ਬੰਗਾਲ ਦੇ ਕਿਹੜੇ ਖੇਤਰਾਂ ਨੂੰ ਮਿਲਾਕੇ ਨਵਾਂ ਦੇਸ਼ ਪਾਕਿਸਤਾਨ ਬਣਿਆ। ਇਸੇ ਦੌਰਾਨ ਅਧਿਆਪਕ ਵੰਡ ਦੇ ਕਾਰਨਾਂ ਅਤੇ ਨਤੀਜਿਆਂ ਬਾਰੇ ਕਹਾਣੀ ਵਿਧੀ ਰਾਹੀਂ ਦੱਸੇਗਾ।






State Council of Educational Research & Training, Punjab
Block-E, PSEB Complex, Vidya Bhawan, 6th Floor, Phase-8, S.A.S. Nagar